ਦੇਸ਼ ਦੀ ਆਜ਼ਾਦੀ ਸੰਗਰਾਮ
ਦੇ
ਅੰਮ੍ਰਿਤਸਰ ਸਾਕੇ ਦੇ

# ਮਹਾਨ ਨਾਮਧਾਰੀ ਸ਼ਹੀਦ



ਸੰਤ ਹਾਕਮ ਸਿੰਘ, ਸੰਤ ਬੀਹਲਾ ਸਿੰਘ
ਸੰਤ ਫਤਹਿ ਸਿੰਘ, ਸੰਤ ਲਹਿਣਾ ਸਿੰਘ

ਜਸਵਿੰਦਰ ਸਿੰਘ ਹਿਸਟੋਰੀਅਨ

Namdhari Elibrary NamdhariElibrary@gmail.com



# *Sri Satguru Jagjit Singh Ji E-library*

Sri Satguru Jagjit Singh Ji E-library has been created with the approval and personal blessings of Sri Satguru Uday Singh Ji. You can easily access the wealth of teaching, learning and research materials on Sri Satguru Jagjit Singh Ji E-library online, which until now have only been available to a handful of scholars and researchers.

This new Sri Satguru Jagjit Singh Ji E-library allows school children, students, researchers and armchair scholars anywhere in the world at any time to study and learn from the original documents.

As well as opening access to our historical pieces of world heritage, digitisation ensures the long-term protection and conservation of these fragile treasures. This is a significant milestone in the development of the Sri Satguru Jagjit Singh Ji E-Library, but it is just a first step on a long road.

In order to continue conserving, digitising and publishing our numerous literature online, we are asking for your support and involvement.

Please join with us in this remarkable transformation of the Library. You can share your books, magazines, pamphlets, photos, music, videos etc. This will ensure they are preserved for generations to come. Each item will be fully acknowledged.

Digitising our treasures is an ambitious undertaking. Every page, every object, must be photographed individually and with great care. The whole photographic process including lighting, colour temperature, and environmental controls must all be precisely regulated. Post processing is also done with meticulous care including orientation, de-skewing, sizing and finally quality control to ensure the documents reflect the true state of the originals.

## To continue this work, we need your help

Your generous contribution and help will ensure that an ever-growing number of the Library's collections are conserved and digitised, and are made available to students, scholars, and readers the world over. The Sri Satguru Jagjit Singh Ji E-Library collection is growing day by day and some rare and priceless books/magazines/manuscripts and other items have already been digitised.

We would like to thank all the contributors who have kindly provided items from their collections. This is appreciated by us now and many readers in the future.

Contact Details

For further information about the process or your contribution - please contact

Email: NamdhariElibrary@gmail.com

kirpal singh chana



# ਸ੍ਰੀ ਸਤਿਗੁਰੂ ਰਾਮ ਸਿੰਘ ਜੀ ਮਹਾਰਾਜ

(Guru) Ram Singh: Sikh philosopher and reformer and the first Indian to use non-cooperation and boycott of the British merchandise and services as a political weapon.

*(Encyclopedia Britannica Vol. 8, Page 142)*

"The truth is that it is not possible for a kuka to be loyal subject of the British government"

*Ludhiana District Gazetteer - 1904*

Namdhari Elibrary NamdhariElibrary@gmail.com

Namdhari Elibrary NamdhariElibrary@gmail.com

# ਸਾਕਾ ਅੰਮ੍ਰਿਤਸਰ ਦਾ

## ਦੇਸ਼ ਦੀ ਆਜ਼ਾਦੀ ਲਈ ਸ਼ਹੀਦ

### ਸੰਤ ਲਹਿਣਾ ਸਿੰਘ, ਸੰਤ ਹਾਕਮ ਸਿੰਘ
### ਸੰਤ ਬੀਹਲਾ ਸਿੰਘ ਅਤੇ ਸੰਤ ਫਤਹਿ ਸਿੰਘ

**15 ਸਤੰਬਰ 1871 ਰਾਮਬਾਗ, ਸ੍ਰੀ ਅੰਮ੍ਰਿਤਸਰ (ਪੰਜਾਬ)**

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਵਲੋਂ 1857 ਈ. ਦੀ ਵੈਸਾਖੀ ਵਾਲੇ ਦਿਨ ਆਰੰਭ ਕੀਤਾ "ਕੂਕਾ ਅੰਦੋਲਨ" ਕਈ ਗੱਲਾਂ ਕਰਕੇ ਵਿਲੱਖਣ ਸੀ। ਜਦੋਂ ਅੰਗਰੇਜ਼ਾਂ ਦਾ ਪੰਜਾਬ 'ਤੇ ਵੀ ਪੂਰਾ ਅਧਿਕਾਰ ਹੋ ਗਿਆ ਤਾਂ ਵਿਦੇਸ਼ੀ ਸਾਮਰਾਜ ਤੋਂ ਛੁਟਕਾਰਾ ਪਾਉਣ ਲਈ ਸਤਿਗੁਰੂ ਜੀ ਨੇਂ ਪੰਜਾਬ ਦੀ ਜਨਤਾ ਨੂੰ ਜਾਗ੍ਰਿਤ ਕਰਕੇ ਸੰਗਠਿਤ ਕਰਨਾ ਸ਼ੁਰੂ ਕੀਤਾ। 19ਵੀਂ ਸਦੀ ਦੇ ਦੂਸਰੇ ਅੱਧ ਦੌਰਾਨ ਕੇਵਲ ਤੇ ਕੇਵਲ ਨਾਮਧਾਰੀ ਹੀ ਸਨ ਜੋ ਸੰਗਠਿਤ ਰੂਪ ਵਿਚ ਆਜ਼ਾਦੀ ਲਈ ਸੰਘਰਸ਼ ਕਰ ਰਹੇ ਸਨ। ਸਤਿਗੁਰੂ ਜੀ ਨੇ ਲੋਕਾਂ ਨੂੰ ਵਿਦੇਸ਼ੀ ਸਾਮਰਾਜ ਵਿਰੁੱਧ ਨਾ-ਮਿਲਵਰਤਣ ਦਾ ਸੱਦਾ ਦਿੱਤਾ। ਸੁਦੇਸ਼ੀ ਚੀਜ਼ਾਂ ਦੀ ਵਰਤੋਂ ਅਤੇ ਵਿਦੇਸ਼ੀ ਵਸਤਾਂ, ਸਹੂਲਤਾਂ, ਕਚਹਿਰੀਆਂ, ਸਕੂਲਾਂ, ਰੇਲਾਂ ਅਤੇ ਨੌਕਰੀਆਂ ਦੇ ਬਾਈਕਾਟ ਦਾ ਸੱਦਾ ਦਿੱਤਾ ਅਤੇ ਆਪਣਾ ਡਾਕ ਪ੍ਰਬੰਧ ਚਲਾਇਆ। ਜਿਸਨੂੰ ਇਤਿਹਾਸ ਵਿਚ "ਕੂਕਾ ਪੋਸਟਲ ਸਰਵਿਸ" ਕਿਹਾ ਜਾਂਦਾ ਹੈ।

ਆਜ਼ਾਦੀ ਸੰਗਰਾਮ ਨੂੰ ਹੋਰ ਗਹਿਰਾਈ ਦੇਣ ਅਤੇ ਸਾਂਝੇ ਯਤਨ ਕਰਨ ਲਈ ਕਸ਼ਮੀਰ, ਨੇਪਾਲ, ਕਾਬਲ ਅਤੇ ਰੂਸ ਨਾਲ ਸੰਪਰਕ ਸੂਤਰ ਜੋੜੇ। ਕਸ਼ਮੀਰ ਵਿਚ ਤਾਂ ਇਕ ਕੂਕਾ ਪਲਟਨ ਵੀ ਖੜੀ ਕੀਤੀ ਗਈ।

Namdhari Elibrary NamdhariElibrary@gmail.com

ਨੇਪਾਲ ਵਿਚ ਰਹਿੰਦੇ 1857 ਈਸਵੀ ਦੇ ਕ੍ਰਾਂਤੀਕਾਰੀਆਂ ਨਾਲ ਸੰਪਰਕ ਬਣਾਏ ਗਏ ਅਤੇ ਪੰਜਾਬ ਦੇ ਲੋਕਾਂ ਨੂੰ ਸੰਘਰਸ਼ ਲਈ ਤਿਆਰ ਕੀਤਾ। ਉਸ ਸਮੇਂ ਪੰਜਾਬ ਵਿਚ ਗੁਲਾਮੀ ਦਾ ਅਹਿਸਾਸ ਕਰਵਾਉਣ ਲਈ ਅੰਗਰੇਜ਼ ਸਰਕਾਰ ਦੀ ਸ਼ਹਿ 'ਤੇ ਵੱਡੀ ਪੱਧਰ ਤੇ ਗਊ ਬੱਧ ਹੋਣ ਲਗ ਪਿਆ ਸੀ। ਪਵਿੱਤਰ ਨਗਰ ਜਿਨ੍ਹਾਂ ਨੂੰ ਸਤਿਗੁਰੂ ਦੀ ਚਰਨ ਛੋਹ ਪ੍ਰਾਪਤ ਸੀ ਉਥੇ ਵੀ ਗਊ ਘਾਤ ਵੱਡੇ ਪੱਧਰ ਤੇ ਹੋ ਰਿਹਾ ਸੀ। ਇਹ ਇਕ ਵੰਗਾਰ ਸੀ ਸਿੱਖਾਂ ਨੂੰ। ਸਤਿਗੁਰੂ ਰਾਮ ਸਿੰਘ ਜੀ ਦੇ ਪ੍ਰਚਾਰ ਸਦਕਾ ਲੋਕਾਂ ਵਿਚ ਜਾਗ੍ਰਿਤੀ ਆ ਗਈ ਸੀ ਅਤੇ ਉਹ ਗਊ ਘਾਤ ਤੋਂ ਖਾਸੇ ਦੁਖੀ ਸਨ। ਜਦੋਂ ਪੰਜਾਬ ਦੇ ਹਿੰਦੂ ਸਿੱਖਾਂ ਵਲੋਂ ਕੀਤੇ ਗਏ ਸ਼ਾਂਤੀਪੂਰਨ ਯਤਨ ਸਫਲ ਨਾ ਹੋਏ ਤਾਂ ਜੋਸ਼ ਵਿਚ ਆ ਕੇ ਨਾਮਧਾਰੀ ਸਿੱਖਾਂ ਨੇ ਅੰਮ੍ਰਿਤਸਰ, ਬਾਗਾਂਵਾਲੀ ਤੇ ਰਾਏਕੋਟ ਵਿਖੇ ਗਊ ਘਾਤਕਾਂ ਵਿਰੁੱਧ ਕਾਰਵਾਈ ਕੀਤੀ ਅਤੇ ਫਾਂਸੀਆਂ ਦੇ ਰੱਸੇ ਚੁੰਮੇ। ਅੰਮ੍ਰਿਤਸਰ ਦਾ ਸਾਕਾ ਵੀ ਉਹਨਾਂ 'ਚੋਂ ਇਕ ਸੀ।

2007 ਈਸਵੀ ਨੂੰ 1857 ਈਸਵੀ ਦੀ ਕ੍ਰਾਂਤੀ ਅਤੇ ਕੂਕਾ ਅੰਦੋਲਨ ਸ਼ੁਰੂ ਹੋਇਆ। 150 ਸਾਲ ਪੂਰੇ ਹੋ ਗਏ ਹਨ। ਦੇਸ਼ ਦੀ ਸੁਤੰਤਰਤਾ ਦੀਆਂ ਉਹਨਾਂ ਘਟਨਾਵਾਂ ਨੂੰ ਸਰਕਾਰੀ ਪੱਧਰ ਤੇ ਬੜੇ ਹੀ ਸੁਯੋਗ ਢੰਗ ਨਾਲ ਮਨਾਇਆ ਜਾ ਰਿਹਾ ਹੈ ਅਤੇ ਸੁਤੰਤਰਤਾ ਲਈ ਜਾਨਾਂ ਵਾਰਨ ਵਾਲਿਆਂ ਨੂੰ ਯਾਦ ਕੀਤਾ ਜਾ ਰਿਹਾ ਹੈ। ਸ਼ਹੀਦਾਂ ਦੀ ਇਸੇ ਮਾਲਾ ਦੇ ਚਮਕਦੇ ਮੋਤੀ ਹਨ ਅੰਮ੍ਰਿਤਸਰ ਦੇ ਇਹ ਸ਼ਹੀਦ, ਸੰਤ ਲਹਿਣਾ ਸਿੰਘ, ਸੰਤ ਹਾਕਮ ਸਿੰਘ, ਸੰਤ ਬੀਹਲਾ ਸਿੰਘ ਅਤੇ ਸੰਤ ਫਤਹਿ ਸਿੰਘ।

15 ਸਤੰਬਰ 1876 ਨੂੰ ਚਾਰ ਨਾਮਧਾਰੀ ਸਿੱਖਾਂ-ਲਹਿਣਾ ਸਿੰਘ, ਹਾਕਮ ਸਿੰਘ, ਬੀਹਲਾ ਸਿੰਘ ਅਤੇ ਫਤਿਹ ਸਿੰਘ ਨੂੰ ਅੰਮ੍ਰਿਤਸਰ ਵਿਖੇ ਰਾਮ ਬਾਗ ਦੇ ਬਾਹਰ ਬੋਹੜ ਨਾਲ ਸ਼ਰੇਆਮ ਫਾਂਸੀ ਦੇ ਦਿੱਤੀ ਗਈ। ਉਸ ਸਮੇਂ ਵੱਡੀ ਗਿਣਤੀ ਵਿਚ ਸ਼ਹਿਰ ਦੇ ਲੋਕ ਅਤੇ ਸਰਕਾਰੀ ਅਫ਼ਸਰ ਫਾਂਸੀ ਦੇਣ



Namdhari Elibrary NamdhariElibrary@gmail.com

ਵਾਲੀ ਥਾਂ ਤੇ ਮੌਜੂਦ ਸਨ। ਚਾਰੋ ਨਾਮਧਾਰੀ ਸਿੰਘ ਬੜੇ ਹੀ ਹੌਸਲੇ ਨਾਲ ਸ਼ਹਾਦਤ ਵਾਲੀ ਥਾਂ ਤੇ ਸ਼ਬਦ ਪੜ੍ਹਦੇ ਹੋਏ ਆਏ, ਕੋਈ ਖੌਫ਼ ਨਹੀਂ ਸੀ ਮੌਤ ਦਾ। ਸਗੋਂ ਫਾਂਸੀ ਸਮੇਂ ਇਹਨਾਂ ਸਿੱਖਾਂ ਨੇ ਕਿਹਾ ਕਿ ਉਹਨਾਂ ਨੂੰ ਕੋਈ ਜੱਲਾਦ ਹੱਥ ਨਾ ਲਗਾਏ, ਉਹ ਫਾਂਸੀ ਦੇ ਰੱਸੇ ਆਪਣੇ ਗਲਾਂ ਵਿਚ ਆਪ ਪਾਉਣਗੇ। ਦੇਸ਼ ਅਤੇ ਗਊ ਗਰੀਬ ਦੀ ਰੱਖਿਆ ਲਈ ਸ਼ਹਾਦਤ ਦੇਣ ਵਿਚ ਉਹ ਫ਼ਖਰ ਮਹਿਸੂਸ ਕਰਦੇ ਹਨ। ਇਸ ਤਰ੍ਹਾਂ ਸ਼ਬਦ ਪੜ੍ਹਦੇ ਹੋਏ ਚਾਰੋ ਨਾਮਧਾਰੀ ਸਿੱਖਾਂ ਨੇ ਰੇਸ਼ਮ ਦੇ ਰੱਸੇ, ਜੋ ਕਿ ਉਹਨਾਂ ਵਿਸ਼ੇਸ਼ ਰੂਪ ਵਿਚ ਕਹਿ ਕੇ ਬਣਵਾਏ ਸਨ, ਆਪਣੇ ਹੱਥੀਂ ਆਪਣੇ ਗਲਾਂ ਵਿਚ ਪਾ ਕੇ ਵਾਰੋ ਵਾਰੀ ਫਾਂਸੀ ਤੇ ਝੂਲ ਗਏ। ਦੋਸ਼ ਸੀ ਕਿ 14 ਜੂਨ ਦੀ ਰਾਤ ਨੂੰ ਉਹਨਾਂ ਨੇ ਅੰਮ੍ਰਿਤਸਰ ਬੁੱਚੜਖਾਨੇ 'ਤੇ ਹਮਲਾ ਕਰਕੇ ਕਈ ਕਸਾਈਆਂ ਨੂੰ ਮਾਰਿਆ ਹੈ।

ਦੇਸ਼ ਅਤੇ ਧਰਮ ਦੀ ਰੱਖਿਆ ਅਤੇ ਪਵਿੱਤਰਤਾ ਕਾਇਮ ਰੱਖਣ ਹਿਤ 15 ਸਤੰਬਰ 1871 ਈ. ਨੂੰ ਸ਼ਹੀਦ ਹੋਣ ਵਾਲੇ ਚਾਰੇ ਨਾਮਧਾਰੀ ਸਿੰਘਾਂ ਦੀ ਸ਼ਹਾਦਤ ਲਾਸਾਨੀ ਸੀ। ਇਹਨਾਂ ਸਿੰਘਾਂ ਨੇ ਆਪਣੇ ਯਤਨਾਂ ਨਾਲ, ਆਪਣੀ ਸ਼ਹਾਦਤ ਨਾਲ ਇਹ ਸਾਬਤ ਕਰ ਦਿੱਤਾ ਕਿ ਪੰਜਾਬ ਵਿਚ ਸਿੱਖਾਂ ਦੀ ਅਣਖ ਅਜੇ ਕਾਇਮ ਹੈ, ਉਹ ਵਿਦੇਸ਼ੀ ਸਰਕਾਰ ਦੀਆਂ ਮਾੜੀਆਂ ਨੀਤੀਆਂ ਦਾ ਜਾਨਾਂ ਦੇ ਕੇ ਵੀ ਵਿਰੋਧ ਕਰਨਗੇ। ਪੰਜਾਬ ਵਿਚ ਮਹਾਰਾਜਾ ਰਣਜੀਤ ਦੇ ਰਾਜ ਵਿੱਚ ਗਊ ਬੱਧ ਤੇ ਪੂਰੀ ਤਰ੍ਹਾਂ ਪਾਬੰਦੀ ਸੀ। ਕੋਈ ਗਊ ਬੱਧ ਨਹੀਂ ਸੀ ਕਰ ਸਕਦਾ। ਏਥੋਂ ਤੀਕ ਕਿ ਯੂਰਪੀਅਨ ਅਫਸਰ ਅਥਵਾ ਅੰਗ੍ਰੇਜ਼ ਜੋ ਖਾਲਸਾ ਦਰਬਾਰ ਵਿੱਚ ਨੌਕਰੀ ਕਰਦੇ ਅਤੇ ਰਹਿੰਦੇ ਸਨ, ਉਹ ਵੀ ਗਊ ਮਾਸ ਨਹੀਂ ਸਨ ਖਾ ਸਕਦੇ। ਉਲੰਘਣਾਂ ਕਰਨ ਵਾਲੇ ਲਈ ਮੌਤ ਦੀ ਸਜ਼ਾ ਨਿਸ਼ਚਿਤ ਸੀ। ਡਰ ਕਰਕੇ ਸਾਰੇ ਖਾਲਸਾ ਰਾਜ ਦੇ ਨਿਵਾਸੀ ਗਊ ਬੱਧ ਦੀ ਪਾਬੰਦੀ ਤੇ ਅਮਲ ਕਰਦੇ ਸਨ। ਅਫਗਾਨ-ਯੁੱਧ ਸਮੇਂ ਜਦੋਂ ਅੰਗਰੇਜ਼ੀ ਫੌਜਾਂ ਨੇ ਪੰਜਾਬ ਵਿਚੋਂ ਦੀ ਲੰਘਣਾ ਸੀ, ਉਸ ਸਮੇਂ ਵੀ



Namdhari Elibrary NamdhariElibrary@gmail.com

ਉਹਨਾਂ ਨੂੰ ਸਖਤ ਹਦਾਇਤ ਸੀ ਕਿ ਅੰਗਰੇਜ਼ੀ ਫੌਜਾਂ ਆਪਣੇ ਫੌਜੀਆਂ ਲਈ ਗਊ ਬੱਧ ਨਹੀਂ ਕਰਨਗੀਆਂ।[1]

ਲੇਕਿਨ ਅੰਗਰੇਜ਼ਾਂ ਦੇ ਪੰਜਾਬ ਉੱਤੇ ਅਧਿਕਾਰ ਕਰ ਲੈਣ ਉਪਰੰਤ ਸਾਰੇ ਹਾਲਾਤ ਬਦਲਣ ਲੱਗ ਪਏ। ਅੰਗਰੇਜ਼ ਆਪ ਗਊ ਮਾਸ ਖਾਂਦੇ ਸਨ, ਇਸ ਲਈ ਹਿੰਦੋਸਤਾਨ ਵਿੱਚ ਜਿੱਥੇ ਜਿੱਥੇ ਵੀ ਉਹਨਾਂ ਨੇ ਰਾਜ ਅਧਿਕਾਰ ਕਾਇਮ ਕੀਤੇ, ਆਪਣੀਆਂ ਸਹੂਲਤਾਂ ਨੂੰ ਮੁੱਖ ਰੱਖਦਿਆਂ ਹੋਇਆਂ ਗਊ ਬੱਧ ਨੂੰ ਹੱਲਾ ਸ਼ੇਰੀ ਦਿੱਤੀ।ਅੰਗਰੇਜ਼ ਗਊ ਮਾਸ ਖਾਂਦੇ ਸਨ ਅਤੇ ਮੁਸਲਮਾਨ ਵੀ ਗਊ ਮਾਸ ਖਾਂਦੇ ਸਨ, ਇਸ ਲਈ ਗਊ ਬੱਧ ਕਰਨਾ ਕਰਵਾਉਣਾ ਅੰਗਰੇਜ਼ਾਂ ਦੀ 'ਪਾੜੋ ਅਤੇ ਰਾਜ ਕਰੋ' ਦੀ ਨੀਤੀ ਨਾਲ ਵੀ ਮੇਲ ਖਾਂਦਾ ਸੀ। ਹਿੰਦੂ ਵਰਗ ਭਾਵੇਂ ਨਾਰਾਜ਼ ਹੁੰਦਾ ਸੀ, ਮੁਸਲਮਾਨ ਖੁਸ਼ ਹੋ ਕੇ ਗੋਰਿਆਂ ਨਾਲ ਸਹਿਯੋਗ ਕਰਦੇ ਸਨ। ਇਸ ਤਰ੍ਹਾਂ ਗਊ ਬੱਧ ਕਰਵਾਉਣਾ ਅੰਗਰੇਜ਼ਾਂ ਦੀ ਕੁਟਲ ਨੀਤੀ ਦਾ ਹਿੱਸਾ ਤਾਂ ਹੈ ਸੀ, ਨਾਲ ਹੀ ਉਹਨਾਂ ਦੇ ਹੰਕਾਰ ਅਤੇ ਦੇਸ਼ ਦੇ ਮਾਲਕ ਹੋਣ ਦਾ ਸਬੂਤ ਵੀ ਸੀ। ਅੰਗਰੇਜ਼ ਆਪਣੇ ਅਧਿਕਾਰ ਹੇਠਲੇ ਇਲਾਕਿਆਂ ਵਿੱਚ ਗਊ ਬੱਧ ਦੀ ਇਜ਼ਾਜਤ ਦੇ ਕੇ ਦੱਸ ਦੇਣਾ ਚਾਹੁੰਦੇ ਸਨ ਕਿ ਉਹ ਆਪਣੇ ਰਾਜ ਵਿਚ ਜੋ ਚਾਹੇ ਕਰ ਸਕਦੇ ਸਨ। ਇਹੀ ਹਾਲ ਅੰਗੇਰਜ਼ਾਂ ਨੇ ਪੰਜਾਬ ਵਿਚ ਕੀਤਾ।ਜਿਸ ਦਾ ਵਿਰੋਧ ਕਰਦਿਆਂ ਨਾਮਧਾਰੀ ਸਿੱਖਾਂ ਨੇ ਬੁੱਚੜਖਾਨੇ ਤੇ ਹਮਲਾ ਕੀਤਾ ਸੀ।

**ਪੰਜਾਬ ਵਿੱਚ ਗਊ ਹੱਤਿਆ**

ਖਾਲਸਾ ਰਾਜ ਸਮੇਂ ਪੰਜਾਬ ਵਿਚ ਗਊ ਹੱਤਿਆ ਤੇ ਪੂਰਨ ਰੋਕ ਸੀ, ਏਥੋਂ ਤੱਕ ਕਿ 1845-46 ਵਿਚਕਾਰ ਅੰਗਰੇਜ਼ਾਂ ਅਤੇ ਸਿੱਖਾਂ ਵਿਚ ਪਹਿਲੀ ਲੜਾਈ ਤੋਂ ਬਾਅਦ ਵੀ ਇਹ ਨੀਤੀ ਜਾਰੀ ਰਹੀ ਜਦੋਂ ਪੰਜਾਬ ਦਾ ਰਾਜ ਪ੍ਰਬੰਧ ਮਹਾਰਾਜਾ ਦਲੀਪ ਸਿੰਘ ਦੇ ਸਮੇਂ ਖਾਲਸਾ ਦਰਬਾਰ ਹੀ ਕਰ ਰਿਹਾ ਸੀ।[2] ਪਰ ਫੇਰ ਵੀ ਅੰਗਰੇਜ਼ਾਂ ਨੇ ਆਪਣੀ ਆਦਤ ਅਨੁਸਾਰ ਛੇੜਖਾਨੀ



Namdhari Elibrary NamdhariElibrary@gmail.com

ਕਰਨੀ ਨਹੀਂ ਛੱਡੀ। ਅੰਗਰੇਜ਼ ਰੈਜੀਡੈਂਟ ਹੈਨਰੀ ਲਾਰੈਂਸ ਲਾਹੌਰ ਬੈਠਾ ਸੀ ਅਤੇ ਲਾਹੌਰ ਅਤੇ ਹੋਰ ਕਈ ਸ਼ਹਿਰਾਂ ਵਿਚ ਅੰਗਰੇਜ਼ੀ ਫੌਜ ਛਾਉਣੀਆਂ ਪਾਈ ਬੈਠੀ ਸੀ। ਅੰਮ੍ਰਿਤਸਰ ਵਿਚ ਵੀ ਫੌਜ ਦੀ ਛਾਉਣੀ ਸੀ। ਖਾਲਸਾ ਦਰਬਾਰ ਦੀ ਨੀਤੀ ਦੇ ਖਿਲਾਫ ਗਊ ਬੱਧ ਕੀਤਾ ਜਾਣ ਲੱਗ ਪਿਆ ਅਤੇ ਗੋਰੇ ਜੁੱਤੀਆਂ -ਬੂਟ ਪਾਈ ਹੀ ਦਰਬਾਰ ਸਾਹਿਬ ਅੰਦਰ ਆਉਣ ਲੱਗ ਪਏ। ਪਵਿਤਰ ਅਸਥਾਨ ਦੀ ਬੇਅਦਬੀ ਹੁੰਦੀ ਦੇਖ ਕੇ ਅੰਮ੍ਰਿਤਸਰ ਦੇ ਪੁਜਾਰੀਆਂ ਨੂੰ ਬੜਾ ਦੁੱਖ ਲੱਗਾ ਜਿਸਦੀ ਸਰਕਾਰ ਪਾਸ ਸ਼ਿਕਾਇਤ ਕੀਤੀ ਗਈ। ਕਿਉਂਕਿ ਅਜੇ ਪੰਜਾਬ ਵਿਚ ਅੰਗਰੇਜ਼ਾਂ ਦੇ ਪੈਰ ਪੂਰੀ ਤਰ੍ਹਾਂ ਨਾਲ ਪੱਕੇ ਨਹੀਂ ਸਨ ਹੋਏ, ਇਸ ਲਈ ਗਵਰਨਰ-ਜਨਰਲ ਦੇ ਆਦੇਸ਼ ਤੇ ਅੰਗਰੇਜ਼ ਰੈਜੀਡੈਂਟ ਹੈਨਰੀ ਲਾਰੈਂਸ ਨੇ 24 ਮਾਰਚ 1847 ਈ. ਨੂੰ ਇਕ ਆਦੇਸ਼ ਤਾਂਬੇ ਦੀ ਪਲੇਟ ਤੇ ਲਿਖ ਕੇ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਮੁੱਖ ਦਰਵਾਜ਼ੇ 'ਤੇ ਲਗਾ ਦਿੱਤਾ ਜਿਸ ਵਿਚ ਕਿਹਾ ਗਿਆ ਸੀ ਕਿ - "ਅੰਮ੍ਰਿਤਸਰ ਵਿਚ ਗਊ ਬਧ ਨਹੀਂ ਕੀਤਾ ਜਾਵੇਗਾ ਅਤੇ ਜੋੜੇ ਬਾਹਰ ਬੂਹੇ ਕੋਲ ਉਤਾਰ ਕੇ ਦਰਬਾਰ ਸਾਹਿਬ ਦੇ ਅੰਦਰ ਜਾਇਆ ਜਾਵੇ।"[3]

ਪਰ ਇਹ ਹਾਲਾਤ ਜ਼ਿਆਦਾ ਦਿਨ ਕਾਇਮ ਨਾ ਰਹਿ ਸਕੇ। ਦੋ ਸਾਲ ਬੀਤਦੇ ਬੀਤਦੇ ਮਾਰਚ 1849 ਈਃ ਨੂੰ ਅੰਗਰੇਜ਼ਾਂ ਦਾ ਪੰਜਾਬ 'ਤੇ ਪੂਰਨ ਰੂਪ ਵਿਚ ਕਬਜ਼ਾ ਹੋ ਗਿਆ ਅਤੇ ਪੰਜਾਬ ਨੂੰ ਅੰਗਰੇਜ਼ੀ ਰਾਜ ਵਿਚ ਮਿਲਾ ਲਿਆ ਗਿਆ। ਹੁਣ ਅੰਗਰੇਜ਼ ਮਨਮਰਜ਼ੀ ਦੇ ਮਾਲਕ ਸਨ, ਜੋ ਚਾਹੁਣ ਸੋ ਕਰਨ। ਉਹਨਾਂ ਨੂੰ ਰੋਕਣ ਵਾਲਾ ਕੋਈ ਨਹੀਂ ਸੀ। ਗਊ ਬੱਧ 'ਤੇ ਰੋਕ ਅੰਗਰੇਜ਼ਾਂ ਨੂੰ ਰੜਕ ਰਹੀ ਸੀ। ਪੰਜਾਬ ਨੂੰ ਆਪਣੇ ਸਾਮਰਾਜ ਵਿੱਚ ਸ਼ਾਮਲ ਕਰ ਲੈਣ ਤੋਂ ਛੇਤੀ ਮਗਰੋਂ 1849 ਈ. ਵਿਚ ਹੀ ਉਹਨਾਂ ਨੇ ਆਪਣੇ ਪਹਿਲਾਂ ਜਾਰੀ ਕੀਤੇ ਗਏ ਗਊ ਬੱਧ 'ਤੇ ਰੋਕ ਵਾਲੇ ਹੁਕਮਾਂ ਵਿਚ ਤਰਮੀਮ ਕਰ ਦਿੱਤੀ ਜਿਸ ਅਨੁਸਾਰ ਹਰ ਇਕ ਨੂੰ ਆਪਣੇ ਧਰਮ ਅਨੁਸਾਰ ਰੀਤੀ ਰਿਵਾਜਾਂ ਨੂੰ ਮੰਨਣ ਦੀ ਖੁਲ੍ਹ ਕਰ ਦਿੱਤੀ ਗਈ। ਹੁਕਮਾਂ ਵਿਚ ਕਿਹਾ



Namdhari Elibrary NamdhariElibrary@gmail.com

ਗਿਆ ਸੀ ਕਿ ਕਿਸੇ ਨੂੰ ਆਪਣੇ ਗੁਆਂਢੀ ਦੇ ਧਾਰਮਿਕ ਰੀਤੀ ਰਿਵਾਜਾਂ ਵਿਚ ਦਖਲ-ਅੰਦਾਜ਼ੀ ਕਰਨ ਦੀ ਆਗਿਆ ਨਹੀਂ ਹੋਵੇਗੀ ਜਿਸ ਦੀ ਉਸਦਾ ਧਰਮ ਆਗਿਆ ਦਿੰਦਾ ਹੋਵੇ। (No one should be allowed to interfere with the practice, by his neighbour, of customes which that neighbour's religion permits) ਗਵਰਨਰ ਜਨਰਲ ਦੇ ਉਪਰੋਕਤ ਹੁਕਮ ਕਰਦਿਆਂ ਹੀ ਬੋਰਡ ਆਫ਼ ਡਾਇਰੈਕਟਰਜ਼ ਨੇ ਪੰਜਾਬ ਵਿਚ ਗਊ ਬੱਧ 'ਤੇ ਲੱਗੀ ਰੋਕ ਹਟਾ ਦਿੱਤੀ ਅਤੇ ਥਾਂ-ਥਾਂ ਬੁੱਚੜਖਾਨੇ ਖੋਲ੍ਹਣ ਦੀ ਆਗਿਆ ਦੇ ਦਿੱਤੀ।

**ਗਊ ਬੱਧ ਬਾਰੇ ਅੰਗਰੇਜ਼ ਨੀਤੀ**

ਜਿਸ ਤਰ੍ਹਾਂ ਅਸੀਂ ਪਿੱਛੇ ਦੱਸ ਆਏ ਹਾਂ ਕਿ ਅੰਗਰੇਜ਼ ਗਊ ਮਾਸ ਖਾਂਦੇ ਸਨ। ਹਿੰਦੁਸਤਾਨ ਵਿੱਚ ਹਿੰਦੂ ਵਰਗ ਗਊਆਂ ਹੱਤਿਆ ਵਿਰੁੱਧ ਸੀ। ਇਸ ਲਈ ਪਹਿਲਾਂ ਤਾਂ ਅੰਗਰੇਜ਼ਾਂ ਨੇ ਬੰਗਾਲ ਵਿਚ ਕੁਝ ਲੇਖਕਾਂ ਨੂੰ ਰੁਤਬੇ ਅਤੇ ਧਨ ਦਾ ਲਾਲਚ ਦੇ ਕੇ ਵੇਦਾਂ ਵਿੱਚ ਗਊ ਮਾਸ ਖਾਣ ਬਾਰੇ ਲਿਖਵਾਇਆ ਗਿਆ ਤਾਂ ਜੋ ਉਹ ਆਪਣੀ ਆਦਤ ਨੂੰ ਤਰਕ ਸੰਗਤ ਦੱਸ ਸਕਣ। ਫੇਰ ਉਹਨਾਂ ਜਿੱਥੇ ਜਿੱਥੇ ਵੀ ਕਬਜ਼ੇ ਕੀਤੇ, ਸੰਧੀਆਂ ਦੀਆਂ ਸ਼ਰਤਾਂ ਵਿਚ ਗਊ ਬੱਧ ਬਾਰੇ ਰੋਕ ਲਗਾਉਣ ਦੀ ਗੱਲ ਆਖਣ ਦੇ ਬਾਵਜੂਦ ਵੀ ਸ਼ਾਮਲ ਨਹੀਂ ਕੀਤੀ ਜਾਂਦੀ ਰਹੀ। ਰਾਜਪੁਤਾਨੇ ਦੀਆਂ ਰਿਆਸਤਾਂ ਉਤੇ ਜਦੋਂ ਅਧਿਕਾਰ ਵਾਸਤੇ ਸੰਧੀਆਂ ਦੀਆਂ ਸ਼ਰਤਾਂ ਵਿੱਚ ਉਥੋਂ ਦੇ ਰਾਜਪੂਤ ਸ਼ਾਸਕਾਂ ਨੇ ਗਊ-ਬੱਧ ਨਾ ਕਰਨ ਦੀ ਧਾਰਾ ਜੋੜਨ ਲਈ ਅੰਗਰੇਜ਼ਾਂ 'ਤੇ ਜ਼ੋਰ ਪਾਇਆ ਸੀ ਤਾਂ ਵੀ ਉਸ ਸਮੇਂ ਦਿੱਲੀ ਦੇ ਰੈਜੀਡੈਂਟ ਚਾਰਲਸ ਮੈਟਕਾਫ਼ ਨੇ ਐਸੀ ਧਾਰਾ ਸ਼ਾਮਲ ਕਰਨ ਤੋਂ ਸਪਸ਼ਟ ਨਾਂਹ ਕਰ ਦਿੱਤੀ ਸੀ। ਹਾਂ ਮੌਖਕ ਰੂਪ ਵਿਚ ਕਿਹਾ ਗਿਆ ਸੀ ਕਿ ਰਿਆਸਤੀ ਲੋਕਾਂ ਦੀਆਂ ਧਾਰਮਿਕ ਭਾਵਨਾਵਾਂ ਦਾ ਜਿੰਨਾ ਹੋ ਸਕਿਆ ਧਿਆਨ ਰੱਖਿਆ ਜਾਵੇਗਾ, ਜੋ ਕਦੀ ਨਹੀਂ ਰੱਖਿਆ ਗਿਆ। ਰੈਜੀਡੈਂਟ ਮੈਟਕਾਫ਼ ਨੇ ਹਿੰਦ



Namdhari Elibrary NamdhariElibrary@gmail.com

ਸਰਕਾਰ ਦੇ ਸਕੱਤਰ ਨੂੰ 18 ਜਨਵਰੀ 1818 ਦੇ ਪੱਤਰ ਵਿਚ ਲਿਖਿਆ। take the opportunity of mentioning in this place that in the negotiations which I have yet had with the Rajpoot States. They have all saught to have an agreement included in the treaties against the slaughter of horned cattle in their territories. Though I have uniformly declared it to be impossible to admit such a stipulation into a treaty, I have assured them that all possible attention shall be paid to their religious feelings on this point.

ਜਿਸ ਤਰ੍ਹਾਂ ਪੰਜਾਬ ਵਿਚ ਪੂਰੀ ਤਰ੍ਹਾਂ ਅਧਿਕਾਰ ਕਰਦਿਆਂ ਹੀ ਗਊ-ਬੱਧ ਹੋਣਾ ਸ਼ੁਰੂ ਹੋ ਗਿਆ ਸੀ, ਉਸੇ ਤਰ੍ਹਾਂ ਰਾਜਪੁਤਾਨੇ ਦੀਆਂ ਰਿਆਸਤਾਂ ਵਿਚ ਗਊ-ਬੱਧ ਅੰਗਰੇਜ਼ਾਂ ਨੇ ਸ਼ੁਰੂ ਕਰ ਦਿੱਤਾ ਸੀ ਜਿਸਦਾ ਸਾਰੀਆਂ ਰਿਆਸਤਾਂ ਨੇ ਭਾਰੀ ਵਿਰੋਧ ਕੀਤਾ, ਪਰ ਗੋਰਿਆਂ ਨੇ ਕੋਈ ਪਰਵਾਹ ਨਹੀਂ ਕੀਤੀ। ਰਿਆਸਤਾਂ ਦੇ ਮੁਖੀਆਂ ਵੱਲੋਂ ਗਊ ਬੱਧ ਵਿਰੁੱਧ ਸ਼ਿਕਾਇਤਾਂ ਕਰਨ ਤੇ ਅੰਗਰੇਜ਼ਾਂ ਦਾ ਅਸਲੀ ਚੇਹਰਾ ਸਾਹਮਣੇ ਆ ਗਿਆ, ਉਹਨਾਂ ਦੇ ਅੰਦਰਲੀ ਨੀਯਤ ਖੁਲ੍ਹ ਕੇ ਬਾਹਰ ਆ ਗਈ। ਅਜਮੇਰ ਵਿੱਚ ਗਊ ਬੱਧ ਕੀਤੇ ਜਾਣ ਦੇ ਮਸਲੇ ਦੇ ਉੱਤਰ ਵਿੱਚ ਗਵਰਨਰ ਜਨਰਲ ਦੇ ਵਿਚਾਰ ਸਨ "ਉਹ ਆਪਣੇ ਅਧਿਕਾਰ ਹੇਠਲੇ ਇਲਾਕੇ ਵਿਚ ਜੋ ਵੀ ਕਰਨ, ਰਿਆਸਤਾਂ ਦੇ ਮੁਖੀਆਂ ਨੂੰ ਇਤਰਾਜ਼ ਕਰਨ ਦਾ ਕੋਈ ਹੱਕ ਨਹੀਂ ਹੈ। ਇਸ ਲਈ ਅਜਮੇਰ ਵਿੱਚ ਗਊ ਬੱਧ ਕਰਨ ਦੀ ਆਗਿਆ ਦਿੱਤੀ ਜਾਂਦੀ ਹੈ।" (Governor General diserves that the Chief have no right to object to what we do within our own border, his excellency accordingly approves of your proposal to permit the slaughter of kive in agree)[6]

ਗਊ - ਬੱਧ ਦੀ ਸਮੱਸਿਆ ਜਾਰੀ ਰਹਿਣ ਤੇ 1864 ਈਸਵੀ ਵਿਚ ਇਕ ਵਾਰੀ ਫੇਰ ਰਾਜਪੁਤਾਨੇ ਦੇ ਅੰਗਰੇਜ਼ ਏਜੰਟ ਨੂੰ ਲਿਖਿਆ ਗਿਆ ਕਿ ਗਵਰਨਰ ਜਨਰਲ ਇਨ ਕੌਂਸਲ ਕਿਸੇ ਵੀ ਤਰ੍ਹਾਂ ਨਾਲ ਗਊ-ਬੱਧ ਦੇ ਵਿਚਾਰ ਨੂੰ ਅਪਰਾਧ ਕਰਾਰ ਨਹੀਂ ਦੇਵੇਗੀ। (Governor



Namdhari Elibrary NamdhariElibrary@gmail.com

general in council cannot even by implication, sanction the idea that kive-killing is a crime.)

ਗਊ-ਬੱਧ ਨੂੰ ਅੰਗਰੇਜ਼ਾਂ ਨੇ ਆਪਣੀਆਂ ਅਤੇ ਫੌਜਾਂ ਦੀਆਂ ਲੋੜਾਂ ਨੂੰ ਮੁੱਖ ਰੱਖਦਿਆਂ ਹੋਇਆਂ ਜੋ ਨੀਤੀ ਬਣਾਈ ਹੋਈ ਸੀ ਉਸ ਨੂੰ ਸਪਸ਼ਟ ਕਰਦਿਆਂ ਹੋਇਆਂ ਕਰਨਲ ਡੂਰੈਂਡ, ਸਕੱਤਰ ਹਿੰਦ ਸਰਕਾਰ ਨੇ ਅਜਮੇਰ ਦੇ ਏਜੰਟ ਨੂੰ ਲਿਖਿਆ ਕਿ ਜਿੱਥੇ ਜਿੱਥੇ ਵੀ ਇਲਾਕੇ ਦੀ ਰੱਖਿਆ ਉਹਨਾਂ ਦੀ ਫੌਜੀ ਸੁਰੱਖਿਆ ਵਿਚ ਹੈ, ਉਥੇ ਉਹ ਫੌਜੀਆਂ ਦੀ ਜੀਵਨ ਲੋੜਾਂ ਲਈ ਜੋ ਚਾਹੇ ਕਰਨ ਲਈ ਸੁਤੰਤਰ ਹਨ। (Where the military protection of the country developes upon the British Government, the government must be absolutely free to adopt such measures for the subsistence of that toroops as may be thought most suitable)[7] । ਇਸ ਦਾ ਅਰਥ ਸਪਸ਼ਟ ਸੀ। ਅੰਗਰੇਜ਼ੀ ਪ੍ਰਭਾਵ ਦੀ ਰੱਖਿਆ ਲਈ ਗੋਰੀ ਫੌਜ ਰੱਖਣੀ ਜ਼ਰੂਰੀ ਹੁੰਦੀ ਸੀ ਅਤੇ ਉਸ ਲਈ ਗਊ ਬੱਧ ਕਰਨਾ ਉਹਨਾਂ ਦਾ ਅਧਿਕਾਰ ਬਣ ਜਾਂਦਾ ਸੀ। ਪੰਜਾਬ ਦੀ ਵੀ ਮਾਰਚ 1849 ਈ. ਤੋਂ ਬਾਅਦ ਐਸੀ ਹੀ ਸਥਿੱਤੀ ਸੀ। ਗੋਰੀ ਫੌਜ ਪੰਜਾਬ ਦੇ ਸ਼ਹਿਰਾਂ ਵਿਚ ਬੈਠੀ ਸੀ। ਗਊ ਮਾਸ ਲਈ ਥਾਂ-ਥਾਂ ਬੁੱਚੜਖਾਨੇ ਖੁਲ੍ਹ ਗਏ। ਗੁਰੂਆਂ ਦੀ ਪਵਿਤਰ ਨਗਰੀ ਅੰਮ੍ਰਿਤਸਰ ਵਿਚ ਵੀ ਬੁੱਚੜਖਾਨੇ ਖੁਲ੍ਹ ਗਏ, ਇਕ ਨਹੀਂ ਸਗੋਂ ਦੋ।

## ਅੰਮ੍ਰਿਤਸਰ ਵਿੱਚ ਗਊ ਬੱਧ

ਅੰਮ੍ਰਿਤਸਰ ਸ਼ਹਿਰ ਵਿਚ ਮੁਸਲਮਾਨ 50, ਹਿੰਦੂ 40 ਅਤੇ ਸਿੱਖ 10 ਪ੍ਰਤੀਸ਼ਤ ਸਨ। ਸਿੱਖਾਂ ਦੀ ਤਰ੍ਹਾਂ ਹਿੰਦੂ ਵੀ ਗਊ-ਬੱਧ ਸ਼ੁਰੂ ਹੋ ਜਾਣ ਤੇ ਬਹੁਤ ਦੁਖੀ ਸਨ। ਕਈ ਵਾਰੀ ਝਗੜੇ ਵੀ ਹੋਏ, ਸ਼ਿਕਾਇਤਾਂ ਵੀ ਪ੍ਰਸ਼ਾਸਨ ਕੋਲ ਕੀਤੀਆਂ ਗਈਆਂ ਪਰ ਕੋਈ ਸੁਣਵਾਈ ਨਹੀਂ ਸੀ ਹੁੰਦੀ। ਕਸਾਈਆਂ ਨੂੰ ਬੁੱਚੜਖਾਨੇ ਖੋਲ੍ਹਣ ਸਮੇਂ ਹਿਦਾਇਤ ਸੀ ਕਿ ਗਊ ਮਾਸ ਸ਼ਹਿਰ ਵਿਚ ਵੇਚਣ ਲਈ ਨਹੀਂ ਲਿਆਇਆ ਜਾਵੇਗਾ, ਸਗੋਂ ਗਊ ਮਾਸ ਖਾਣ ਵਾਲੇ



Namdhari Elibrary NamdhariElibrary@gmail.com

ਆਪ ਬੁੱਚੜਖਾਨੇ ਤੋਂ ਮਾਸ ਖਰੀਦ ਕੇ ਲੈ ਜਾਣਗੇ, ਉਹ ਵੀ ਢੱਕ ਕੇ ਤਾਂ ਜੋ ਦੂਸਰਿਆਂ ਦੀਆਂ ਭਾਵਨਾਵਾਂ ਨੂੰ ਠੇਸ ਨਾ ਪੁੱਜੇ। ਪਰ ਅਸਲੀ ਤੌਰ ਤੇ ਇਸ ਤਰ੍ਹਾਂ ਨਾ ਹੋਇਆ।[8] ਵਾਰ-ਵਾਰ ਸ਼ਹਿਰ ਵਿੱਚ ਮੁਸਲਮਾਨਾਂ ਦੀ ਭਾਰੀ ਆਬਾਦੀ ਨੂੰ ਧਿਆਨ ਵਿੱਚ ਰੱਖਦਿਆਂ ਗਊ ਮਾਸ-ਵੇਚਣ ਵਾਲੇ ਖੁਲ੍ਹੇਆਮ ਸ਼ਹਿਰ ਵਿਚ ਮਾਸ ਲਿਆ ਕੇ ਵੇਚਣ ਲੱਗ ਪਏ, ਇਥੋਂ ਤੀਕ ਕਿ ਮਾਸ ਵੇਚਣ ਦੀਆਂ ਦੁਕਾਨਾਂ ਪਵਿੱਤਰ ਦਰਬਾਰ ਸਾਹਿਬ ਦੇ ਕੋਲ ਵੀ ਖੁਲ੍ਹ ਗਈਆਂ।

## ਕੂਕਾ ਅੰਦੋਲਨ ਦਾ ਪ੍ਰਭਾਵ

ਪੰਜਾਬ ਅੰਗਰੇਜ਼ਾਂ ਦੇ ਗੁਲਾਮ ਹੋ ਜਾਣ ਦੇ ਛੇਤੀ ਹੀ ਬਾਅਦ ਪੰਜਾਬ ਵਿਚ ਇੱਕ ਜਨ-ਅੰਦੋਲਨ ਸ਼ੁਰੂ ਹੋ ਗਿਆ, ਜਿਸ ਦਾ ਮਨੋਰਥ ਸਿੱਖ ਧਰਮ ਅੰਦਰ ਆਈਆਂ ਬੁਰਾਈਆਂ ਨੂੰ ਦੂਰ ਕਰਕੇ ਲੋਕਾਂ ਨੂੰ ਪੂਰਵ ਗੁਰੂਆਂ ਦੇ ਉਪਦੇਸ਼ਾਂ ਵੱਲ ਪ੍ਰੇਰਤ ਕਰਨਾ ਅਤੇ ਮੁੜ ਖਾਲਸਾਈ ਸ਼ਾਨ ਨੂੰ ਕਾਇਮ ਕਰਨ ਲਈ 'ਖਾਲਸਾ ਰਾਜ' ਦੀ ਸਥਾਪਨਾ ਕਰਨਾ ਸੀ। ਇਸ ਅੰਦੋਲਨ ਦੇ ਪ੍ਰਵਰਤਕ ਸਨ ਸਤਿਗੁਰੂ ਰਾਮ ਸਿੰਘ ਜੀ ਜੋ ਖੁਦ ਵੀ ਅੱਠ ਕੁ ਸਾਲ ਖਾਲਸਾ ਫੌਜ ਵਿਚ ਰਹਿ ਚੁੱਕੇ ਸਨ ਅਤੇ ਉਹਨਾਂ ਨੇ ਖਾਲਸਾ ਰਾਜ ਦਾ ਪਤਨ ਆਪਣੀ ਅੱਖੀਂ ਦੇਖਿਆ ਸੀ। ਸਾਲ 1857 ਈ: ਦੀ ਵੈਸਾਖੀ (12 ਅਪ੍ਰੈਲ 1857 ਈ) ਨੂੰ ਪਿੰਡ ਭੈਣੀ ਸਾਹਿਬ ਵਿਖੇ ਸਤਿਗੁਰੂ ਜੀ ਨੇ ਸਫੈਦ ਝੰਡਾ ਲਹਿਰਾ ਕੇ ਅੰਗਰੇਜ਼ਾਂ ਵਿਰੁੱਧ ਅੰਦੋਲਨ ਦੀ ਨੀਂਹ ਰੱਖੀ ਜਿਸ ਨੂੰ ਇਤਿਹਾਸ ਵਿਚ 'ਕੂਕਾ ਅੰਦੋਲਨ' ਕਹਿੰਦੇ ਹਨ।[9] ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦਾ ਵਿਅਕਤੀਤਵ ਲਾਸਾਨੀ ਅਤੇ ਚੁੰਬਕੀ ਸੀ। ਪ੍ਰਚਾਰ ਏਨਾ ਪ੍ਰਭਾਵਸ਼ਾਲੀ ਸੀ ਕਿ ਪੰਜਾਬ ਦੇ ਲੋਕ ਮਾਸ ਸ਼ਰਾਬ ਅਤੇ ਹੋਰ ਅਮਲ ਛੱਡ ਕੇ ਨਾਮ-ਸਿਮਰਨ ਅਤੇ ਨਾਮ-ਬਾਣੀ ਵੱਲ ਰੁਚਿਤ ਹੋ ਗਏ। ਪ੍ਰਸਿੱਧ ਨਿਰਮਲੇ ਇਤਿਹਾਸਕਾਰ ਗਿਆਨੀ ਗਿਆਨ ਸਿੰਘ ਅਨੁਸਾਰ-



Namdhari Elibrary NamdhariElibrary@gmail.com

ਹੁੱਕੇ ਛਡਵਾਏ ਰਖਵਾਏ ਕੇਸ ਮੋਨਿਓ ਕੇ,
ਸੁਧਾ ਚਕਥਾਇ ਸਿਖ ਭਾਗ ਜਿਨੈ ਜਾਗਿਓ।
ਭੀਮ ਭੰਗ ਪੋਸਤ ਸ਼ਰਾਬ ਮਾਸ ਚੋਰੀ ਜਾਰੀ,
ਠੱਗੀ ਤਜ ਥੀਏ ਸੰਤ ਸਤਿਜੁਗ ਆਗਿਓ। (ਪੰਥ ਪ੍ਰਕਾਸ਼)

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਪੰਜਾਬ ਦੇ ਲੋਕਾਂ ਨੂੰ ਅੰਗਰੇਜ਼ਾਂ ਦੀ ਕੁਟਲ ਨੀਤੀ ਬਾਰੇ ਦੱਸਦਿਆਂ ਥਾਂ-ਥਾਂ ਪ੍ਰਚਾਰ ਕੀਤਾ ਅਤੇ ਅਣਖ ਨਾਲ ਜਿਊਣ ਲਈ ਪ੍ਰੇਰਤ ਕੀਤਾ। ਪੰਜਾਬ ਦੇ ਲੋਕ ਅੰਗਰੇਜ਼ਾਂ ਦੇ ਰਾਜ ਤੋਂ ਖੁਸ਼ ਨਹੀਂ ਸਨ। ਉਹ ਜਾਣਦੇ ਸਨ ਕਿ ਉਹਨਾਂ ਨੇ ਕਿਸ ਤਰ੍ਹਾਂ ਦੀਆਂ ਚਾਲਾਂ ਚਲ ਕੇ ਅਤੇ ਲਾਹੌਰ ਦਰਬਾਰ ਵਿਚ ਫੁੱਟ ਪਵਾ ਕੇ ਪੰਜਾਬ ਉਤੇ ਕਬਜ਼ਾ ਕੀਤਾ ਸੀ। ਕੇਵਲ ਜਾਗੀਰਦਾਰ, ਰਜਵਾੜੇ ਅਤੇ ਪੁਜਾਰੀ ਵਰਗ ਹੀ ਆਪਣੇ ਆਪਣੇ ਹਿੱਤਾਂ ਲਈ ਨਵੇਂ ਮਾਲਕਾਂ ਦੇ ਗੁਣਗਾਣ ਕਰਨ ਅਤੇ ਜੀ ਹਜੂਰੀ ਵਿਚ ਲੱਗੇ ਹੋਏ ਸਨ। ਇਹਨਾਂ ਨੂੰ ਪੰਜਾਬ ਵਿਚ ਤੇਜ਼ੀ ਨਾਲ ਵਾਪਰਦੇ ਹਾਲਾਤ ਅਤੇ ਲੋਕਾਂ ਦੀਆਂ ਭਾਵਨਾਵਾਂ ਦਾ ਕੋਈ ਖਿਆਲ ਨਹੀਂ ਸੀ। ਇਸ ਲਈ ਜਦੋਂ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਪ੍ਰਚਾਰ ਆਰੰਭਿਆ ਤਾਂ ਛੇਤੀ ਹੀ ਵੱਡੀ ਗਿਣਤੀ ਵਿਚ ਪੰਜਾਬ ਦੇ ਲੋਕ ਜਥੇਬੰਦ ਹੋਣ ਲੱਗ ਪਏ।

ਖਾਲਸਾ ਰਾਜ ਦੇ ਸਮੇਂ ਦੇ ਲੋਕਾਂ ਨੂੰ ਕੁਝ ਹੀ ਸਾਲਾਂ ਅੰਦਰ ਥਾਂ-ਥਾਂ ਗਊ-ਬੱਧ ਹੁੰਦਾ ਦੇਖਣਾ ਬੜਾ ਔਖਾ ਲਗਦਾ ਸੀ। ਫੇਰ ਪਵਿੱਤਰ ਨਗਰੀ ਅੰਮ੍ਰਿਤਸਰ ਵਿਚ ਤਾਂ ਹਾਲਾਤ ਹੋਰ ਵੀ ਔਖੇ ਹੋ ਰਹੇ ਸਨ। ਭਗੌਤੀ ਛੱਕਾ (ਉਗ੍ਰਦੰਤੀ) ਵਿਚ ਦਸਮ ਪਾਤਸ਼ਾਹ ਫਰਮਾਉਂਦੇ ਹਨ -

"ਯਹੀ ਦੇਹ ਆਗਿਆ ਤੁਰਕਨ ਗਾਹਿ ਖਪਾਊਂ।
ਗਊ ਘਾਤ ਕਾ ਦੋਖ ਜਗ ਸਿਉਂ ਮਿਟਾਊਂ।"



Namdhari Elibrary NamdhariElibrary@gmail.com

ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਵਿਚ ਤੁਰਕਾਂ ਦੇ ਪੰਜਾਬ ਵਿਚ ਰਹਿੰਦਿਆਂ ਹੋਇਆਂ ਵੀ ਗਊ ਘਾਤ ਬੰਦ ਸੀ, ਲੇਕਿਨ ਅੰਗਰੇਜ਼ੀ ਅਧੀਨਤਾ ਆਉਂਦਿਆਂ ਹੀ ਤੁਰਕ, ਸਰਕਾਰ ਦੀ ਸ਼ਹਿ ਨਾਲ ਗਊ-ਬੱਧ ਕਰਨ ਲੱਗ ਪਏ ਸਨ, ਕੋਈ ਰੋਕਣ ਵਾਲਾ ਨਹੀਂ ਸੀ ਨਜ਼ਰ ਆ ਰਿਹਾ। ਪਵਿੱਤਰ ਨਗਰੀ ਸ੍ਰੀ ਅੰਮ੍ਰਿਤਸਰ ਦੇ ਲੋਕ ਔਖੇ ਅਤੇ ਦੁਖੀ ਸਨ। ਸ਼ਹਿਰ ਵਿਚ ਖੁਲ੍ਹੇ ਤੌਰ ਤੇ ਗਊ ਮਾਸ ਵਿਕਣ ਲਗ ਪਿਆ ਸੀ। ਇੱਲਾਂ-ਕਾਂ ਗਊਆਂ ਦੀ ਬੋਟੀਆਂ ਤੇ ਹੱਡੀਆਂ ਲੈ ਉਡਦੇ ਅਤੇ ਬਹੁਤ ਵਾਰੀ ਹੱਡੀਆਂ ਸਰੋਵਰ ਜਾਂ ਪ੍ਰਕਰਮਾਂ ਵਿਚ ਡਿੱਗ ਜਾਂਦੀਆਂ। ਏਥੇ ਇਹ ਗੱਲ ਵੀ ਯਾਦ ਰੱਖਣ ਵਾਲੀ ਹੈ ਕਿ 1845 ਈ. ਤੋਂ ਬਾਅਦ ਜਦੋਂ ਗੋਰਾ ਫੌਜ ਪੰਜਾਬ ਵਿਚ ਆਈ ਸੀ, ਅੰਮ੍ਰਿਤਸਰ ਵਿਖੇ ਗਊ-ਬੱਧ ਹੁੰਦਾ ਦੇਖ ਕੇ ਅਤੇ ਸ੍ਰੀ ਦਰਬਾਰ ਸਾਹਿਬ ਵਿਚ ਬੂਟਾਂ ਸਣੇ ਗੋਰਿਆਂ ਦੇ ਵੜਨ ਤੇ ਦਰਬਾਰ ਸਾਹਿਬ ਦੇ ਪੁਜਾਰੀਆਂ ਨੇ ਸਖਤ ਇਤਰਾਜ਼ ਕੀਤਾ ਸੀ। ਜਿਸਦੇ ਨਤੀਜੇ ਵਜੋਂ 1847 ਵਿਚ ਹੈਨਰੀ ਲਾਰੇਂਸ ਨੇ ਤਾਬੇ ਦੀ ਪਲੇਟ ਤੇ ਲਿਖ ਕੇ ਮੁੱਖ ਦਰਵਾਜ਼ੇ ਤੇ ਲਗਵਾਇਆ ਸੀ ਕਿ ਅੰਮ੍ਰਿਤਸਰ ਵਿਚ ਗਊ ਬੱਧ ਨਹੀਂ ਕੀਤਾ ਜਾਵੇਗਾ। ਉਦੋਂ ਪੰਜਾਬ ਦਾ ਰਾਜ ਪ੍ਰਬੰਧ ਸਿੱਖ ਕੌਂਸਲ ਕਰ ਰਹੀ ਸੀ। ਲੇਕਿਨ ਛੇਤੀ ਹੀ ਪੁਜਾਰੀਆਂ ਦਾ ਰਵੱਈਆ ਵੀ ਬਦਲ ਗਿਆ। ਪੰਜਾਬ ਦੇ ਗੁਲਾਮ ਹੁੰਦਿਆਂ ਗਊ-ਬੱਧ ਜਦੋਂ ਵੱਧ ਗਿਆ ਤਾਂ ਵੀ ਪੁਜਾਰੀ ਵਰਗ ਚੁੱਪ ਧਾਰੀ ਰਿਹਾ।

**ਗਊ ਬੱਧ ਵਿਰੁੱਧ ਸ਼ਿਕਾਇਤਾਂ**

ਅੰਮ੍ਰਿਤਸਰ ਦੇ ਹਿੰਦੂ ਵੀ ਸ਼ਹਿਰ ਵਿਚ ਗਊ ਮਾਸ ਦੀ ਖੁਲ੍ਹੇਆਮ ਵਿਕਰੀ ਤੋਂ ਦੁਖੀ ਸਨ। ਉਹਨਾਂ ਨੇ ਕਈ ਵਾਰੀ ਇਹ ਮਸਲਾ ਸਰਕਾਰ ਕੋਲ ਚੁੱਕਿਆ। 20 ਮਈ 1849 ਈ. ਨੂੰ ਮਿਸਟਰ ਸਾਂਡਰਸ ਕੋਲ ਸ਼ਿਕਾਇਤ ਕੀਤੀ ਗਈ। 7 ਮਈ 1856 ਈ. ਨੂੰ ਮਿਸਟਰ ਕੂਪਰ ਕੋਲ ਸ਼ਹਿਰ ਵਿਚ ਗਊ ਮਾਸ ਵੇਚੇ ਜਾਣ ਬਾਰੇ ਸ਼ਿਕਾਇਤਾਂ ਗਈਆਂ। ਏਸੇ ਤਰ੍ਹਾਂ ਮਈ 1863



Namdhari Elibrary NamdhariElibrary@gmail.com

ਨੂੰ ਮੇਜਰ ਸਰਕਰ ਕੋਲ, ਨਵੰਬਰ 1864 ਨੂੰ ਮਿਸਟਰ ਮੈਕਨਾਬ ਪਾਸ ਵੀ ਸ਼ਹਿਰ ਵਿਚ ਖੁਲ੍ਹਮ-ਖੁਲ੍ਹਾ ਗਊ ਮਾਸ ਦੀ ਬਿਕਰੀ ਰੋਕਣ ਬਾਰੇ ਸ਼ਿਕਾਇਤਾਂ ਕੀਤੀਆਂ ਗਈਆਂ, ਪਰ ਬਦਲਿਆ ਕੁਝ ਵੀ ਨਹੀਂ।[10] ਸਗੋਂ ਕਸਾਈਆਂ ਦਾ ਹੌਸਲਾ ਹੋਰ ਵਧ ਗਿਆ ਅਤੇ ਦਰਬਾਰ ਸਾਹਿਬ ਦੇ ਨੇੜੇ ਵੀ ਗਊ ਮਾਸ ਵੇਚਣ ਦੀਆਂ ਦੁਕਾਨਾਂ ਖੁਲ੍ਹ ਗਈਆਂ।

ਅੰਮ੍ਰਿਤਸਰ ਸ਼ਹਿਰ ਵਿਚ ਸਿੱਖ-ਆਟੇ ਵਿਚ ਲੂਣ ਬਰਾਬਰ ਹੀ ਮਸਾਂ ਸਨ। ਦਰਬਾਰ ਸਾਹਿਬ ਦੀ ਪਵਿਤਰਤਾ ਕਾਇਮ ਰੱਖਣ ਬਾਰੇ ਪੁਜਾਰੀਆਂ ਨੂੰ ਕੋਈ ਫ਼ਿਕਰ ਅਥਵਾ ਧਿਆਨ ਨਹੀਂ ਸੀ। ਅਪ੍ਰੈਲ 1871 ਵਿਚ ਇਕ ਸਿੱਖ ਦੇਵਾ ਸਿੰਘ ਜੋ ਕਿ ਬਾਬਾ ਬੀਰ ਸਿੰਘ ਨੌਰੰਗਾਬਾਦੀ ਦਾ ਚੇਲਾ ਸੀ, ਨੇ ਪ੍ਰਕਰਮਾ ਵਿੱਚ ਡਿੱਗੀ ਪਈ ਹੱਡੀ ਚੁੱਕ ਕੇ ਜਦੋਂ ਪੁਜਾਰੀਆਂ ਦਾ ਧਿਆਨ ਇਸ ਪਾਸੇ ਵੱਲ ਕਰਵਾਇਆ ਤਾਂ ਕੋਈ ਉਪਰਾਲਾ ਕਰਨ ਦੀ ਥਾਂ ਸ੍ਰੀ ਦਰਬਾਰ ਸਾਹਿਬ ਦੇ ਸਰਬਰਾਹ ਮੰਗਲ ਸਿੰਘ ਰਾਮਗੜ੍ਹੀਏ ਨੇ ਦੇਵਾ ਸਿੰਘ ਨੂੰ ਪਕੜ ਕੇ ਪੁਲਿਸ ਦੇ ਹਵਾਲੇ ਕਰ ਦਿੱਤਾ। ਦੇਵਾ ਸਿੰਘ ਨੂੰ ਤਿੰਨ ਸਾਲ ਕੈਦ ਦੀ ਸਜ਼ਾ ਦਿੱਤੀ ਗਈ।[11] ਇਸ ਤਰ੍ਹਾਂ ਗਊ ਬੱਧ ਦਾ ਮਸਲਾ ਅੰਮ੍ਰਿਤਸਰ ਵਿਚ ਭਖ ਗਿਆ। ਜਦੋਂ ਵਾਰ ਵਾਰ ਸਰਕਾਰ ਦਾ ਧਿਆਨ ਦਿਵਾਉਣ ਦੇ ਬਾਵਜੂਦ ਇਸ ਮਸਲੇ ਦਾ ਕੋਈ ਹੱਲ ਨਾ ਨਿਕਲਦਾ ਦਿਸਿਆ ਤਾਂ ਲੋਕ ਇਕੱਠੇ ਹੋਣੇ ਸ਼ੁਰੂ ਹੋ ਗਏ। ਕਿਉਂਕਿ ਇਸ ਤੋਂ ਪਹਿਲਾਂ 3 ਅਪ੍ਰੈਲ 1871 ਈਸਵੀ ਨੂੰ ਵੀ ਨਗਰ ਦੇ ਹਿੰਦੂਆਂ ਅਤੇ ਮੁਸਲਮਾਨਾਂ ਵਿਚਕਾਰ ਤਣਾਓ ਬਣਿਆ ਸੀ, ਦੇਵਾ ਸਿੰਘ ਦੀ ਗ੍ਰਿਫਤਾਰੀ ਨਾਲ ਲੋਕਾਂ ਦਾ ਗੁੱਸਾ ਹੋਰ ਵੀ ਵਧ ਗਿਆ। ਅਜੇ ਤਣਾਓ-ਪੂਰਨ ਮਾਹੌਲ ਚੱਲ ਹੀ ਰਿਹਾ ਸੀ ਕਿ 8 ਮਈ 1871 ਈਸਵੀ ਨੂੰ ਹਿੰਦੂਆਂ ਅਤੇ ਮੁਸਲਮਾਨਾਂ ਵਿਚਕਾਰ ਫਿਰ ਤਣਾਓ ਪੈਦਾ ਹੋ ਗਿਆ। ਡਿਪਟੀ ਕਮਿਸ਼ਨਰ ਨੇ ਆਪ ਸ਼ਹਿਰ ਵਿਚ ਜਾ ਕੇ ਸਥਿਤੀ ਦਾ ਜਾਇਜ਼ਾ ਲਿਆ ਅਤੇ ਮੇਲ ਮਿਲਾਪ ਦੀ ਕੋਸ਼ਿਸ਼ ਕੀਤੀ। ਹਿੰਦੂਆਂ ਅਤੇ ਸਿੱਖਾਂ ਦੀ ਮੰਗ ਸੀ ਕਿ ਸ਼ਹਿਰ ਵਿਚ ਗਊ



Namdhari Elibrary NamdhariElibrary@gmail.com

ਮਾਸ ਵੇਚਣ 'ਤੇ ਪਾਬੰਦੀ ਲਗਾਈ ਜਾਵੇ, ਪਰ ਸਰਕਾਰ ਮੁਸਲਮਾਨਾਂ ਨੂੰ ਨਰਾਜ਼ ਨਹੀਂ ਸੀ ਕਰਨਾ ਚਾਹੁੰਦੀ, ਸੋ ਮੰਗ ਮੰਨਣ ਦੀ ਥਾਂ ਤਾਂ ਟਾਲਮਟੋਲ ਕੀਤਾ ਹੀ ਗਿਆ, ਪਹਿਲੇ ਦਿਨ 22 ਹਿੰਦੂਆਂ ਨੂੰ ਗ੍ਰਿਫਤਾਰ ਵੀ ਕਰ ਲਿਆ। ਬੁੱਚੜਖਾਨੇ 'ਤੇ ਕਿਸੇ ਅਣਸੁਖਾਵੀਂ ਘਟਨਾ ਨੂੰ ਧਿਆਨ ਵਿਚ ਰੱਖਦਿਆਂ ਹੋਇਆਂ ਰਾਖੀ ਲਈ ਇਕ ਪੁਲਿਸ ਗਾਰਦ ਬਿਠਾ ਦਿੱਤੀ ਗਈ ਜੋ 31 ਮਈ ਤੱਕ ਬੈਠੀ ਰਹੀ।[12]

ਸ਼ਹਿਰ ਦੇ 22 ਹਿੰਦੂਆਂ ਦੀ ਗ੍ਰਿਫਤਾਰੀ ਕਾਰਨ ਸਾਰੇ ਨਗਰ ਵਿਚ ਤਣਾਓ ਵਧਦਾ ਗਿਆ ਅਤੇ ਲੋਕ ਇਕੱਠੇ ਹੋਣੇ ਸ਼ੁਰੂ ਹੋ ਗਏ। 20 ਮਈ ਨੂੰ ਕਾਰਜਕਾਰੀ ਕਮਿਸ਼ਨਰ ਅੰਮ੍ਰਿਤਸਰ ਨੇ ਲੋਕਾਂ ਨੂੰ ਸੰਜਮ ਰੱਖਣ ਦੀ ਤਾਕੀਦ ਕੀਤੀ ਅਤੇ ਮਿਊਂਸਪਲ ਕਮੇਟੀ ਦੀ ਮੀਟਿੰਗ ਬੁਲਾਈ। ਹਿੰਦੂਆਂ ਅਤੇ ਸਿੱਖਾਂ ਦੀ ਮੰਗ ਦੇ ਬਾਵਜੂਦ ਬੁੱਚੜਖਾਨਾ ਜਾਰੀ ਰੱਖਣ ਦਾ ਸਰਕਾਰ ਨੇ ਫੈਸਲਾ ਕਰ ਲਿਆ। ਇੰਗਲੈਂਡ ਵਿਚ ਕੱਚੇ ਚਮੜੇ ਦੀ ਵਧ ਰਹੀ ਮੰਗ ਨੂੰ ਪੂਰਿਆਂ ਕਰਨ ਲਈ ਮੁਸਲਮਾਨ ਕਸਾਈ ਵੱਡੀ ਗਿਣਤੀ ਵਿਚ ਗਊਆਂ ਮਾਰਨ ਲੱਗ ਪਏ। ਲੋਕਾਂ ਦਾ ਰੋਹ ਸਿਖਰ ਤੇ ਸੀ। ਇਹ ਤਣਾਅ ਉਦੋਂ ਹੋਰ ਵੀ ਵਧ ਗਿਆ ਜਦੋਂ ਸ਼ਹਿਰ ਦੇ ਹਿੰਦੂਆਂ ਨੇ ਫੈਸਲਾ ਕੀਤਾ ਕਿ ਰੋਸ ਵਜੋਂ ਨਿਮਾਣੀ ਇਕਾਦਸ਼ੀ (30 ਮਈ 1871) ਦੇ ਮੌਕੇ ਤੇ ਮੁਸਲਮਾਨ ਘੁਮਿਆਰਾਂ ਪਾਸੋਂ ਮਿੱਟੀ ਦੇ ਘੜੇ ਅਤੇ ਬਰਤਨ ਨਾ ਖਰੀਦੇ ਜਾਣ। ਮੁਸਲਮਾਨ ਘੁਮਿਆਰਾਂ ਨੇ ਹਰ ਸਾਲ ਦੀ ਤਰ੍ਹਾਂ ਵੱਡੀ ਗਿਣਤੀ ਵਿਚ ਜੋ ਘੜੇ ਅਤੇ ਹੋਰ ਬਰਤਨ ਬਣਾਏ ਸਨ ਇਕਾਦਸ਼ੀ ਤੇ ਵੇਚਣ ਲਈ, ਨਾ ਵਿਕੇ। ਨਾਲ ਲਗਦੇ ਹੀ ਹਿੰਦੂ ਬਰਤਨ ਵਪਾਰੀਆਂ ਨੇ ਦੂਸਰੇ ਵਰਗ ਦੇ ਲੋਕਾਂ ਪਾਸੋਂ ਪੁਰਾਣੇ ਪਿੱਤਲ ਦੇ ਬਰਤਨ ਖਰੀਦਣੇ ਵੀ ਬੰਦ ਕਰ ਦਿੱਤੇ। ਸ਼ਹਿਰ ਦਾ ਆਪਸੀ ਸਦਭਾਵ ਖਤਮ ਹੁੰਦਾ ਜਾ ਰਿਹਾ ਸੀ, ਹਿੰਦੂਆਂ ਅਤੇ ਮੁਸਲਮਾਨਾਂ ਵਿਚਕਾਰ ਪਾੜਾ ਵੱਧਦਾ ਜਾ ਰਿਹਾ ਸੀ। ਫੇਰ ਵੀ ਸਰਕਾਰ ਨੇ ਸ਼ਹਿਰ ਵਿਚ ਗਊ ਮਾਸ ਦੀ ਵਿਕਰੀ ਰੋਕਣ ਬਾਰੇ ਕੋਈ ਗੰਭੀਰ ਯਤਨ ਨਾ



Namdhari Elibrary NamdhariElibrary@gmail.com

ਕੀਤਾ ਸਗੋਂ ਕਮਿਸ਼ਨਰ ਅੰਮਿਤਸਰ ਨੇ 3 ਜੂਨ ਨੂੰ ਸ਼ਹਿਰ ਦੇ ਉਘੇ ਪਤਵੰਤਿਆਂ ਭਾਈ ਪ੍ਰਦੁੱਮਣ ਸਿੰਘ, ਹਰਚਰਨ ਦਾਸ ਅਤੇ ਖਾਨ ਮੁਹੰਮਦ ਸ਼ਾਹ ਅਤੇ ਸ਼ਹਿਰੀਆਂ ਦੀ ਮੀਟਿੰਗ ਬੁਲਾ ਕੇ ਸੁਹਿਰਦਤਾ ਬਣਾਈ ਰੱਖਣ ਲਈ ਲੰਬੀ ਤਕਰੀਰ ਕੀਤੀ, ਪਰ ਗਊ-ਬੱਧ ਰੋਕਣ ਬਾਰੇ ਕੁਝ ਨਹੀਂ ਕੀਤਾ। ਹਾਲਾਤ ਜੈਸੇ ਦੇ ਤੈਸੇ ਹੀ ਰਹੇ।[13]

**ਬੁੱਚੜਖਾਨੇ ਵਿਰੁਧ ਕਾਰਵਾਈ**

ਅੰਮ੍ਰਿਤਸਰ ਸ਼ਹਿਰ ਵਿਚ ਸਿੱਖਾਂ ਦੀ ਆਬਾਦੀ ਕੇਵਲ ਦਸ ਫੀਸਦੀ ਅਤੇ ਸਿੱਖਾਂ ਵਿਚ ਨਾਮਧਾਰੀ ਸਿੱਖਾਂ ਦੀ ਗਿਣਤੀ ਬਹੁਤ ਹੀ ਘਟ ਸੀ। ਲਗਭਗ 15-20 ਘਰ ਹੀ ਸਨ ਸ਼ਹਿਰ ਵਿਚ। ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਕਈ ਵਾਰ ਇਸ ਇਲਾਕੇ ਵਿਚ ਪ੍ਰਚਾਰ ਦੌਰੇ ਕੀਤੇ ਸਨ ਅਤੇ ਆਮ ਸਿੱਖਾਂ ਵਿਚ ਵੀ ਉਹਨਾਂ ਦਾ ਬਹੁਤ ਪ੍ਰਭਾਵ ਸੀ। ਸ੍ਰੀ ਸਤਿਗੁਰੂ ਜੀ ਦੇ ਪ੍ਰਚਾਰ ਸਦਕਾ ਨਾਮਧਾਰੀ ਸਿੱਖਾਂ ਵਿਚ ਕਾਫੀ ਚੇਤਨਾ ਆ ਚੁੱਕੀ ਸੀ ਅਤੇ ਉਹ ਗੋਰਿਆਂ ਨਾਲ ਅਤੇ ਸਰਕਾਰ ਨਾਲ ਨਫ਼ਰਤ ਕਰਦੇ ਸਨ। ਨਾਮਧਾਰੀ ਸਿੱਖ ਵੀ ਪੰਜਾਬ ਵਿਚ ਹੋ ਰਹੇ ਗਊ ਬੱਧ ਤੋਂ ਪੂਰੀ ਤਰ੍ਹਾਂ ਜਾਗਰੂਕ ਸਨ। ਅੰਮ੍ਰਿਤਸਰ ਸ਼ਹਿਰ ਦੇ ਹਾਲਾਤ ਦੇਖ ਕੇ ਏਥੇ ਦੇ ਉੱਘੇ ਨਾਮਧਾਰੀ ਸਿੱਖਾਂ ਨੇ ਆਪਸ ਵਿਚ ਮਿਲਕੇ ਕੋਈ ਠੋਸ ਕਾਰਵਾਈ ਕਰਨ ਦਾ ਮਨ ਬਣਾਇਆ। ਉਨ੍ਹਾਂ ਦਿਨਾਂ ਵਿਚ ਅੰਮ੍ਰਿਤਸਰ ਦੋ ਬੁੱਚੜਖਾਨੇ ਖੁੱਲ੍ਹੇ ਹੋਏ ਸਨ, ਇਕ ਛਾਉਣੀ ਇਲਾਕੇ ਵਿਚ ਅਤੇ ਦੂਸਰਾ ਲਾਹੌਰੀ ਗੇਟ ਦੇ ਥੋੜਾ ਜਿਹਾ ਬਾਹਰ, ਸਿਵਲ ਇਲਾਕੇ ਵਿਚ। ਨਿਰਣਾ ਕੀਤਾ ਗਿਆ ਕਿ ਗਊ ਬੱਧ ਦੀ ਸਰਕਾਰੀ ਨੀਤੀ ਦਾ ਵਿਰੋਧ ਕਰਨ ਲਈ ਬੁੱਚੜਖਾਨੇ 'ਤੇ ਹਮਲਾ ਕੀਤਾ ਜਾਵੇ। ਵਿਚਾਰਾਂ ਕਰਨ ਵਾਲਿਆਂ ਵਿਚ ਲਾਹੌਰ ਸ਼ਹਿਰ ਦਾ ਰਾਜਾ ਸਿੰਘ ਤਰਾਂਚੀ, ਲਹਿਣਾ ਸਿੰਘ ਮਿਸਤ੍ਰੀ, ਲਛਮਨ ਸਿੰਘ, ਲਾਲ ਸਿੰਘ ਸਿਪਾਹੀ, ਭਗਵਾਨ ਸਿੰਘ ਮਰਾਣਾ, ਝੰਡਾ ਸਿੰਘ ਠੱਟੇ ਦਾ, ਗੁਲਾਬ ਸਿੰਘ ਚੁਹੜਕਾਣਾ, ਲਹਿਣਾ

ਸਿੰਘ ਜੱਟ ਅਤੇ ਹਾਕਮ ਸਿੰਘ ਪਟਵਾਰੀ ਆਦਿ ਸਨ।

14 ਜੂਨ 1871 ਦੀ ਅੱਧੀ ਰਾਤ ਨੂੰ ਨਾਮਧਾਰੀ ਸਿੱਖਾਂ ਦਾ ਜਥਾ ਅੰਗਰੇਜ਼ਾਂ ਦੇ ਗਊ ਬੱਧ ਨੀਤੀ ਦੇ ਵਿਰੋਧ ਵਿਚ ਗਊ ਘਾਤਕਾਂ/ਬੁੱਚੜਾਂ ਵਿਰੁੱਧ ਕਾਰਵਾਈ ਕਰਨ ਲਈ ਇਕੱਠੇ ਹੋ ਕੇ ਲਾਹੌਰੀ ਗੇਟ ਦੇ ਬਾਹਰ ਵਾਰ ਬਣੇ ਬੁੱਚੜਖਾਨੇ ਵੱਲ ਵਧੇ ਜੱਥੇ ਵਿਚ ਨਾਮਧਾਰੀ ਸੂਰਮੇ ਸਨ, ਬਾਬਾ ਲਹਿਣਾ ਸਿੰਘ ਸਪੁੱਤਰ ਸ. ਬੁਲਾਕਾ ਸਿੰਘ ਫਤਿਹ ਸਿੰਘ ਭਾਟੜਾ, ਹਾਕਮ ਸਿੰਘ ਪਟਵਾਰੀ, ਬੀਹਲਾ ਸਿੰਘ ਨਾਰਲੀ, ਲਹਿਣਾ ਸਿੰਘ ਜੱਟ ਪੁੱਤਰ ਸ. ਮੁਸੱਦਾ ਸਿੰਘ, ਸਿਪਾਹੀ ਲਾਲ ਸਿੰਘ, ਲਛਮਨ ਸਿੰਘ, ਭਗਵਾਨ ਸਿੰਘ ਮਰਾਣਾ, ਗੁਲਾਬ ਸਿੰਘ ਚੂੜਚੱਕ, ਝੰਡਾ ਸਿੰਘ ਠੱਟਾ ਅਤੇ ਮਿਹਰ ਸਿੰਘ। ਭਾਵੇਂ ਕਾਰਵਾਈ ਦੀ ਰੂਪਰੇਖਾ ਬਣਾਉਣ ਵਿੱਚ ਹੋਰ ਵੀ ਨਾਮਧਾਰੀ ਸਿੱਖ ਸ਼ਾਮਲ ਸਨ, ਲੇਕਿਨ ਕਸਾਈਆਂ ਵਿਰੁੱਧ ਕਾਰਵਾਈ ਕਰਨ ਲਈ ਉਪਰੋਕਤ ਸਿੱਖਾਂ ਨੇ 14 ਜੂਨ ਅੱਧੀ ਰਾਤ ਨੂੰ ਬੁੱਚੜਖਾਨੇ 'ਤੇ ਹਮਲਾ ਕਰਕੇ ਗਊਆਂ ਦੇ ਰੱਸੇ ਵੱਢ ਕੇ ਉਹਨਾਂ ਨੂੰ ਛੁਡਾ ਦਿੱਤਾ ਅਤੇ ਕਸਾਈਆਂ 'ਤੇ ਤਲਵਾਰਾਂ ਅਤੇ ਗੰਡਾਸਿਆਂ ਨਾਲ ਹਮਲਾ ਕਰਕੇ ਰਾਤ ਦੇ ਹਨੇਰੇ ਵਿੱਚ ਅਲੋਪ ਹੋ ਗਏ। ਚਾਰ ਬੁੱਚੜ ਮਾਰੇ ਗਏ ਅਤੇ ਤਿੰਨ ਬੁਰੀ ਤਰ੍ਹਾਂ ਨਾਲ ਜ਼ਖਮੀ ਹੋ ਗਏ।

15 ਜੂਨ, ਸਵੇਰੇ ਹਰ ਪਾਸੇ ਰੌਲਾ ਪੈ ਗਿਆ। ਪੁਲਿਸ ਦੇ ਵੱਡੇ ਅਫਸਰ ਘਟਨਾ ਵਾਲੀ ਥਾਂ ਤੇ ਪੁੱਜੇ ਅਤੇ ਪਰ ਕੋਈ ਠੋਸ ਸੁਰਾਗ ਨਾ ਮਿਲਿਆ। ਠੋਸ ਸੁਰਾਗ ਦੇਣ ਵਾਲਿਆਂ ਨੂੰ ਵੱਡੇ ਇਨਾਮਾਂ ਦਾ ਲਾਲਚ ਦਿੱਤਾ ਗਿਆ। ਸ਼ੱਕ ਦੇ ਆਧਾਰ ਤੇ ਸ਼ਹਿਰ ਦੇ ਨਿਹੰਗਾਂ ਅਤੇ ਬਦਨਾਮ ਲੋਕਾਂ ਨੂੰ ਪਕੜ ਕੇ ਪੁੱਛ ਪੜਤਾਲ ਕੀਤੀ ਗਈ। ਫੇਰ ਵੀ ਜਦੋਂ ਕੋਈ ਠੋਸ ਸੁਰਾਗ ਨਾ ਲੱਗਾ ਤਾਂ ਉਸ ਸਮੇਂ ਦੇ ਸ੍ਰੇਸ਼ਠ ਜਾਸੂਸ ਅਤੇ ਪੁਲਿਸ ਅਫਸਰ ਮਿਸਟਰ ਕ੍ਰਿਸਟੀ ਨੂੰ ਬੁਲਾਇਆ ਗਿਆ। ਸ਼ੱਕ ਦੇ ਆਧਾਰ ਤੇ ਬਦਨਾਮ

ਵਿਅਕਤੀਆਂ ਹੀਰਾ ਅਤੇ ਅਹੀਆ ਨੂੰ ਪਕੜ ਕੇ ਐਸੇ ਤਸੀਹੇ ਦਿੱਤੇ ਗਏ ਅਤੇ ਉਹਨਾਂ ਨੇ ਨਾ ਕੀਤੇ ਜੁਰਮ ਨੂੰ ਵੀ ਕਬੂਲ ਕਰ ਲਿਆ ਅਤੇ ਸ਼ਹਿਰ ਦੇ ਕਈ ਵਿਅਕਤੀਆਂ ਦੇ ਨਾਂ ਲਿਖਵਾ ਦਿੱਤੇ ਜਿਨ੍ਹਾਂ ਵਿਚ ਸ਼ਹਿਰ ਦਾ ਸੇਠ ਜੈ ਰਾਮ ਵੀ ਸੀ। ਚਾਰੋਂ ਪਾਸੇ ਪੁਲਿਸ ਦੀ ਨਾਕਾਮੀ ਉੱਤੇ ਬਦਨਾਮੀ ਹੋ ਰਹੀ ਸੀ। ਇਸ ਲਈ ਮਿਸਟਰ ਕ੍ਰਿਸਟੀ ਨੇ 12 ਵਿਅਕਤੀਆਂ ਸੰਤ ਰਾਮ, ਰਾਮ ਕਿਸ਼ਨ, ਮੰਨਾ ਸਿੰਘ ਨਿਹੰਗ, ਜਵਾਲਾ ਸਿੰਘ, ਪੰਨਾ ਜੀ, ਪੂਲਾ, ਨਿਹਾਲ ਸਿੰਘ, ਮਈਆ ਖੱਤਰੀ, ਸੁੰਦਰ ਸਿੰਘ, ਭੂਪ ਸਿੰਘ, ਟੇਕਾ ਅਤੇ ਸ਼ੋਭਾ ਨੂੰ ਗ੍ਰਿਫਤਾਰ ਕਰਕੇ ਐਨੀ ਸਖਤੀ ਕੀਤੀ, ਜੁਲਮ ਕੀਤੇ ਕਿ ਇਹਨਾਂ ਸਾਰਿਆਂ ਨੇ ਬੇਕਸੂਰ ਹੁੰਦਿਆਂ ਹੋਇਆਂ ਵੀ ਆਪਣਾ ਕਸੂਰ ਮੰਨ ਲਿਆ। ਜਿਸ ਕਸੂਰ ਦੀ ਸਜ਼ਾ ਮੌਤ ਹੋਵੇ, ਸਮਝਿਆ ਜਾ ਸਕਦਾ ਹੈ ਕਿ ਬੇਕਸੂਰਾਂ 'ਤੇ ਕਿੰਨਾ ਤਸ਼ੱਦਦ ਪੁਲਿਸ ਵਲੋਂ ਕੀਤਾ ਗਿਆ ਹੋਵੇਗਾ ਜਿਸ ਤੋਂ ਡਰ ਕੇ ਨਾ ਕੀਤੇ ਗੁਨਾਹ ਨੂੰ ਮੰਨ ਕੇ ਫ਼ਾਂਸੀ ਲੱਗਣਾ ਇਹਨਾਂ ਲੋਕਾਂ ਨੇ ਚੰਗਾ ਜਾਣਿਆਂ। ਮੁਕੱਦਮੇ ਨੂੰ ਪੱਕਾ ਕਰਨ ਲਈ ਹੀਰਾ, ਅਈਆ ਅਤੇ ਜੈ ਰਾਮ ਨੂੰ ਵਾਹਦਾ ਮੁਆਫ਼ ਗਵਾਹ ਬਣਾ ਲਿਆ ਗਿਆ ਅਤੇ 21 ਜੁਲਾਈ ਨੂੰ ਮਿਸਲ ਮੈਜਿਸਟ੍ਰੇਟ ਅੰਮ੍ਰਿਤਸਰ ਦੇ ਪੇਸ਼ ਕਰ ਦਿੱਤੀ ਗਈ। ਕਸਮਾਂ ਲੈ ਕੇ ਗਵਾਹੀਆਂ ਪੂਰੀਆਂ ਕੀਤੀਆਂ ਗਈਆਂ ਅਤੇ 26 ਜਲਾਈ 1871 ਈ. ਨੂੰ ਮੁਕੱਦਮੇ ਦੀ ਮਿਸਲ ਸੈਸ਼ਨ ਜੱਜ ਦੇ ਪੇਸ਼ ਕਰ ਦਿੱਤੀ ਗਈ।[14]

ਉੱਧਰ ਅੰਮ੍ਰਿਤਸਰ ਸਾਕੇ ਬਾਰੇ ਨਾਮਧਾਰੀ ਸਿੰਘਾਂ ਤੇ ਕਿਸੇ ਦਾ ਸ਼ਕ ਨਹੀਂ ਸੀ ਗਿਆ। ਇਸ ਦੌਰਾਨ 15 ਜੁਲਾਈ ਨੂੰ ਰਾਇਕੋਟ ਦੇ ਬੁੱਚੜਾਂ 'ਤੇ ਵੀ ਹਮਲਾ ਹੋ ਗਿਆ। ਉਸ ਵਾਰਦਾਤ ਵਿਚ ਅੰਮ੍ਰਿਤਸਰ ਸਾਕੇ ਵਿਚ ਸ਼ਾਮਲ ਤਿੰਨ ਨਾਮਧਾਰੀ ਸਿੱਖਾਂ-ਗੁਲਾਬ ਸਿੰਘ, ਲਛਮਨ ਸਿੰਘ, ਭਗਵਾਨ ਸਿੰਘ ਵੀ ਸ਼ਾਮਲ ਸਨ। ਸੰਗਰਾਂਦ ਤੋਂ ਬਾਅਦ ਅੰਮ੍ਰਿਤਸਰ ਸਾਕੇ ਦੇ ਕੁਝ ਸਿੱਖਾਂ ਨੇ ਸ੍ਰੀ ਭੈਣੀ ਸਾਹਿਬ ਆ ਕੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੂੰ ਸਾਰੀ ਗੱਲ ਦੱਸੀ ਅਤੇ ਕਿਹਾ ਕਿ ਉਹਨਾਂ 'ਤੇ ਪੁਲਿਸ ਨੂੰ ਕੋਈ ਸ਼ਕ ਨਹੀਂ



Namdhari Elibrary NamdhariElibrary@gmail.com

ਪਿਆ ਸਗੋਂ 12 ਦੂਸਰੇ ਵਿਅਕਤੀ ਪਕੜ ਲਏ ਗਏ ਹਨ ਜਿਨ੍ਹਾਂ ਨੂੰ ਸਜ਼ਾਵਾਂ ਹੋ ਰਹੀਆਂ ਹਨ। ਇਹ ਸੁਣ ਕੇ ਸ੍ਰੀ ਸਤਿਗੁਰੂ ਜੀ ਨੇ ਹੁਕਮ ਕੀਤਾ ਕਿ ਤੁਸੀਂ ਕੰਮ ਕੀਤਾ ਹੈ, ਫਲ ਵੀ ਤੁਸੀਂ ਹੀ ਲਵੋ। ਬੇਦੋਸ਼ਿਆਂ ਨੂੰ ਛੁਡਵਾਓ ਅਤੇ ਜਾ ਕੇ ਆਪਣਾ ਕਸੂਰ ਮੰਨੋ। ਨਹੀਂ ਤਾਂ ਸਾਰਾ ਸਿਹਰਾ ਦੂਸਰਿਆਂ ਦੇ ਸਿਰ ਹੀ ਬੱਝੇਗਾ। ਬੀਹਲਾ ਸਿੰਘ, ਲਹਿਣਾ ਸਿੰਘ ਅਤੇ ਉਹਨਾਂ ਦੇ ਸਾਥੀਆਂ ਨੇ ਸ੍ਰੀ ਸਤਿਗੁਰੂ ਜੀ ਦੇ ਹੁਕਮ ਉਤੇ ਸਿਰ ਨਿਵਾਇਆ ਅਤੇ ਸਤਿ ਬਚਨ ਕਹਿ ਕੇ ਅੰਮ੍ਰਿਤਸਰ ਆ ਆਪਣੇ ਸਹਿਯੋਗੀਆਂ ਨੂੰ ਸਾਰੀ ਗੱਲ ਦੱਸੀ। ਕੁਝ ਸਾਥੀ ਤਾਂ ਉਸ ਸਮੇਂ ਰੂਪੋਸ਼ ਹੋ ਚੁੱਕੇ ਸਨ, ਜੋ ਹਾਜ਼ਰ ਸਨ, ਉਹਨਾਂ ਨੇ ਆਪਣੇ ਸਤਿਗੁਰੂ ਦੇ ਹੁਕਮਾਂ ਨੂੰ ਮੰਨਦਿਆਂ ਹੋਇਆਂ ਕਚਹਿਰੀ ਵਿਚ ਜਾ ਆਪਣਾ ਕਸੂਰ ਮੰਨਿਆ ਅਤੇ ਪਕੜੇ ਬਾਰਾਂ ਬੇਦੋਸ਼ਿਆਂ ਨੂੰ ਰਿਹਾਅ ਕਰਨ ਲਈ ਕਿਹਾ।[15] ਕਚਹਿਰੀ ਵਿਚ ਹਾਜ਼ਰ ਹੋਣ ਵਾਲੇ ਨਾਮਧਾਰੀ ਸਿੱਖ ਸਨ ਬੀਹਲਾ ਸਿੰਘ ਨਾਰਲੀ, ਗੁਲਾਬ ਸਿੰਘ ਚੂਹੜਚੱਕ, ਲਹਿਣਾ ਸਿੰਘ ਲੋਪੋਕੇ, ਫਤਿਹ ਸਿਘ ਭਾਟੜਾ, ਹਾਕਮ ਸਿੰਘ ਪਟਵਾਰੀ, ਲਹਿਣਾ ਸਿੰਘ ਪੰਨਵ, ਲਾਲ ਸਿੰਘ ਸਿਪਾਹੀ, ਲਹਿਣਾ ਸਿੰਘ ਜੱਟ।

**ਅਨੋਖਾ ਕੇਸ**

ਬੁੱਚੜ ਕਤਲ ਕਾਂਡ ਦੀ ਪੜਤਾਲ ਹੋ ਚੁੱਕੀ ਸੀ, ਅਤੇ ਸ਼ਹਿਰ ਦੇ ਬਾਰਾਂ ਵਿਅਕਤੀਆਂ ਨੂੰ ਦੋਸ਼ੀ ਕਰਾਰ ਦੇ ਕੇ ਮੁਕਦਮਾ ਸ਼ੁਰੂ ਹੋ ਚੁੱਕਾ ਸੀ। ਵਾਅਦਾ ਮੁਆਫ਼ ਗਵਾਹ ਵੀ ਮੌਜੂਦ ਸਨ, ਇਸ ਲਈ ਪਹਿਲਾਂ ਤਾਂ ਇਹਨਾਂ ਨਾਮਧਾਰੀ ਸਿੰਘਾਂ ਦੀ ਗੱਲ 'ਤੇ ਕਿਸੇ ਯਕੀਨ ਨਾ ਕੀਤਾ ਅਤੇ ਕੋਈ ਖਾਸ ਧਿਆਨ ਨਹੀਂ ਦਿੱਤਾ, ਫੇਰ ਜਦੋਂ ਇਹਨਾਂ ਨਾਮਧਾਰੀ ਸਿੰਘਾਂ ਨੇ ਘਟਨਾਵਾਂ ਦਾ ਵੇਰਵਾ ਅਤੇ ਸ਼ਸ਼ਤਰਾਂ ਦੇ ਸਬੂਤ ਵੀ ਪੁਲਿਸ ਨੂੰ ਦੱਸਣ ਦੀ ਗਲ ਕੀਤੀ ਤਾਂ ਪੁਲੀਸ ਹਰਕਤ ਵਿਚ ਆਈ। 12 ਵਿਅਕਤੀਆਂ 'ਤੇ ਇਸ ਦੌਰਾਨ ਮੁਕੱਦਮਾ ਚਲਦਾ ਰਿਹਾ ਅਤੇ 25 ਜੁਲਾਈ 1871 ਨੂੰ ਸਜ਼ਾਵਾਂ ਦੀ ਪੁਸ਼ਟੀ



Namdhari Elibrary NamdhariElibrary@gmail.com

ਲਈ ਸੈਸ਼ਨ ਸੁਪਰਦ ਹੋ ਗਿਆ। ਕਿੱਡੀ ਹੈਰਾਨੀ ਵਾਲੀ ਗੱਲ ਸੀ ਪੁਲੀਸ ਬੇਦੋਸ਼ਿਆਂ ਨੂੰ ਸਜ਼ਾਵਾਂ ਦੇਣ 'ਤੇ ਜ਼ੋਰ ਦੇ ਰਹੀ ਸੀ ਅਤੇ ਦੋਸ਼ੀ ਸਿੰਘਾਂ ਦੀ ਗੱਲ 'ਤੇ ਯਕੀਨ ਨਹੀਂ ਸੀ ਕੀਤਾ ਜਾ ਰਿਹਾ। ਇੱਕ ਗੱਲ ਹੋਰ ਵੀ ਸੀ। ਪੁਲੀਸ ਨੂੰ ਆਪਣੀ ਨਾਕਾਮੀ ਅਤੇ ਬਦਨਾਮੀ ਦਾ ਭੈ ਵੀ ਸੀ। ਕ੍ਰਿਸਟੀ ਵਰਗੇ ਜਾਸੂਸ ਤੋਂ ਐਸੀ ਗਲਤੀ ਹੋ ਜਾਵੇ, ਸਰਕਾਰ ਮੰਨਣ ਨੂੰ ਤਿਆਰ ਨਹੀਂ ਸੀ। ਫੇਰ ਜਦੋਂ ਸਿੰਘਾਂ ਨੇ ਥਾਂ-ਥਾਂ ਲੈ ਜਾ ਕੇ ਬੁੱਚੜਖਾਨੇ 'ਤੇ ਹਮਲੇ ਸਮੇਂ ਵਰਤੇ ਸ਼ਸ਼ਤਰਾਂ ਨੂੰ ਬਰਾਮਦ ਕਰਵਾ ਦਿੱਤਾ ਤਾਂ ਪੁਲਿਸ ਦਾ ਮੱਥਾ ਠਣਕਿਆ। ਨਾਮਧਾਰੀ ਸਿੰਘ ਪੁਲਿਸ ਹਿਰਾਸਤ ਵਿਚ ਤਾਂ ਸਨ, ਪਰ ਪੁਲਿਸ ਇਹ ਕਿਵੇਂ ਕਚਹਿਰੀ ਵਿਚ ਦੱਸੇ ਕਿ ਦੋਸ਼ੀ ਪਹਿਲੇ 12 ਵਿਅਕਤੀ ਨਹੀਂ, ਸਗੋਂ ਆਪ ਆ ਕਚਹਿਰੀ ਵਿਚ ਹਾਜ਼ਰ ਹੋਏ। ਆਪਣੀ ਬਦਨਾਮੀ ਤੋਂ ਡਰਦਿਆਂ ਹੋਇਆਂ ਅੰਮ੍ਰਿਤਸਰ ਪੁਲਿਸ ਨੇ ਪਹਿਲਾ ਪਕੜੇ ਗਏ 12 ਵਿਅਕਤੀਆਂ ਵਿਰੁੱਧ ਮੁਕੱਦਮਾ, ਜੋ 25 ਜੁਲਾਈ ਨੂੰ ਸੈਸ਼ਨ ਸਪੁਰਦ ਹੋ ਚੁੱਕਾ ਸੀ, ਜਾਰੀ ਰੱਖਿਆ ਅਤੇ ਗੁਪਤ ਰੂਪ ਵਿਚ ਨਾਮਧਾਰੀ ਸਿੰਘਾਂ ਦੇ ਬਿਆਨਾਂ ਦੀ ਪੜਤਾਲ ਜਾਰੀ ਰੱਖੀ ਜੋ ਸਾਰੀ ਠੀਕ ਨਿਕਲੀ।

ਏਸੇ ਦੌਰਾਨ ਰਾਇਕੋਟ ਬੁੱਚੜ ਬੱਧ ਕੇਸ ਵਿਚ ਜੋ ਨਾਮਧਾਰੀ ਸਿੰਘ ਪਕੜੇ ਗਏ ਸਨ ਉਹਨਾਂ 'ਚੋਂ ਚਾਰ ਨਾਮਧਾਰੀ ਸਿੰਘਾਂ-ਗੁਰਮੁਖ ਸਿੰਘ, ਮੰਗਲ ਸਿੰਘ, ਮਸਤਾਨ ਸਿੰਘ ਅਤੇ ਗੁਲਾਬ ਸਿੰਘ ਨੂੰ ਸਜ਼ਾਏ ਮੌਤ ਦੀ 1 ਅਗਸਤ 1871 ਨੂੰ ਪੁਸ਼ਟੀ ਜੱਜ ਵੱਲੋਂ ਕਰ ਦਿੱਤੀ ਗਈ। ਦੋਨਾਂ ਕੇਸਾਂ ਨੂੰ ਦੇਖਦਿਆਂ ਹੋਇਆਂ ਅੰਮ੍ਰਿਤਸਰ ਕੇਸ ਦੀ ਪੜਤਾਲ ਕਰਦੇ ਅਫਸਰ ਕ੍ਰਿਸ਼ਟੀ ਨੇ ਮੌਤ ਦੀ ਸਜ਼ਾ ਤੋਂ ਬਾਅਦ ਗੁਲਾਬ ਸਿੰਘ ਨਾਲ ਸੰਪਰਕ ਕਰਕੇ ਅਤੇ ਪ੍ਰੇਰ ਕੇ ਉਸ ਨੂੰ ਜਾਨ ਬਖਸ਼ੀ ਦਾ ਲਾਲਚ ਦੇ ਕੇ ਅੰਮ੍ਰਿਤਸਰ ਸਾਕੇ ਲਈ ਵਾਅਦਾ ਮੁਆਫ਼ ਗਵਾਹ ਬਣਾ ਲਿਆ ਅਤੇ 2 ਅਗਸਤ ਨੂੰ ਅੰਮ੍ਰਿਤਸਰ ਲਿਆ ਕੇ ਪੁਲਸੀਆ ਕਾਰਵਾਈ ਇਸ ਢੰਗ ਨਾਲ ਪੂਰੀ ਕਰ ਦਿਖਾਈ ਜਿਸ ਤੋਂ ਪਤਾ ਲੱਗੇ ਕਿ ਨਾਮਧਾਰੀ ਸਿੰਘ



Namdhari Elibrary NamdhariElibrary@gmail.com

ਕਚਹਿਰੀ ਵਿਚ ਆਪ ਨਹੀਂ ਹਾਜ਼ਰ ਹੋਏ ਸਗੋਂ ਪੁਲਿਸ ਦੀ ਮਿਹਨਤ ਨਾਲ ਪਕੜੇ ਗਏ ਸਨ। ਬਾਰਾਂ ਬੇਦੋਸ਼ੇ ਛੱਡ ਦਿੱਤੇ ਗਏ। ਸ਼ਹਿਰ ਵਿਚ ਨਾਮਧਾਰੀ ਸਿੰਘਾਂ ਦੀ ਜੈ ਜੈ ਕਾਰ ਹੋਣ ਲੱਗ ਪਈ, ਪਰ ਪੁਲਿਸ ਆਪਣੀ ਹੀ ਪਿੱਠ ਠੋਕਦੀ ਰਹੀ ਅਤੇ ਸਾਰੀ ਕਾਰਵਾਈ ਪੂਰੀ ਕਰਕੇ 7 ਅਗਸਤ ਤੱਕ ਮੁਕੱਦਮਾ ਮੈਜਿਸਟ੍ਰੇਟ ਦੇ ਪੇਸ਼ ਕਰ ਦਿੱਤਾ ਜਿਸ ਤਹਿਤ ਬੀਹਲਾ ਸਿੰਘ, ਫਤਿਹ ਸਿੰਘ, ਹਾਕਮ ਸਿੰਘ, ਲਹਿਣਾ ਸਿੰਘ ਪੁੱਤਰ ਮੁਸੱਦਾ ਸਿੰਘ, ਲਹਿਣਾ ਸਿੰਘ ਜੱਟ ਸ. ਦਲ ਸਿੰਘ (ਵਾਅਦਾ ਮੁਆਫ਼ ਗਵਾਹ ਬਣਾਇਆ ਗਿਆ) ਤੇ ਆਈ.ਪੀ.ਸੀ. ਦੀ ਧਾਰਾ 302 ਅਤੇ ਸਿਪਾਹੀ ਲਾਲ ਸਿੰਘ ਅਤੇ ਲਹਿਣਾ ਸਿੰਘ ਸਪੁੱਤਰ ਸ. ਬੁਲਾਕਾ ਸਿੰਘ 'ਤੇ ਧਾਰਾ 107 ਅਧੀਨ ਕੇਸ ਚਲਾਇਆ। ਮਿਹਰ ਸਿੰਘ ਲੋਪੋਕੇ, ਝੰਡਾ ਸਿੰਘ ਠੱਟਾ ਅਤੇ ਲਛਮਨ ਸਿੰਘ ਨੂੰ ਭਗੌੜੇ ਕਰਾਰ ਦਿੱਤਾ। 31 ਅਗਸਤ 1871 ਨੂੰ ਸੈਸ਼ਨ ਜੱਜ ਨੇ ਲਹਿਣਾ ਸਿੰਘ, ਪੁੱਤਰ ਸ. ਮੁਸੱਦਾ ਸਿੰਘ, ਫਤਿਹ ਸਿੰਘ ਭਾਟੜਾ, ਬੀਹਲਾ ਸਿੰਘ ਨਾਰਲੀ ਅਤੇ ਹਾਕਮ ਸਿੰਘ ਪਟਵਾਰੀ ਨੂੰ ਫ਼ਾਂਸੀ ਅਤੇ ਸਿਪਾਹੀ ਲਾਲ ਸਿੰਘ ਅਤੇ ਲਹਿਣਾ ਸਿੰਘ ਪੁੱਤਰ ਬੁਲਾਕਾ ਸਿੰਘ ਨੂੰ ਕਾਲੇ ਪਾਣੀ ਦੀ ਸਜ਼ਾ ਸੁਣਾ ਦਿੱਤੀ। 11 ਸਤੰਬਰ ਨੂੰ ਇਹਨਾਂ ਸਜ਼ਾਵਾਂ ਦੀ ਪੁਸ਼ਟੀ ਵੀ ਕਰ ਦਿੱਤੀ ਗਈ।[16]

## ਨਾਮਧਾਰੀ ਸਿੰਘਾਂ ਨੂੰ ਫ਼ਾਂਸੀ

ਸਜ਼ਾਵਾਂ ਸੁਣ ਕੇ ਨਾਮਧਾਰੀ ਸਿੰਘਾਂ ਨੂੰ ਕੋਈ ਭੈ ਨਹੀਂ ਲੱਗਾ। ਉਹ ਤਾਂ ਆਪਣੇ ਕੀਤੇ ਧਰਮੀ ਕੰਮ ਦਾ ਫਲ ਲੈਣ ਆਪ ਕਚਹਿਰੀ ਵਿਚ ਹਾਜ਼ਰ ਹੋਏ ਸਨ। ਆਪਣੇ ਸਤਿਗੁਰੂ ਦੇ ਹੁਕਮ ਅਨੁਸਾਰ ਧਰਮ ਹੇਤ ਸੀਸ ਦੇਣਾ ਸਿੰਘਾਂ ਲਈ ਫਖਰ ਦੀ ਗੱਲ ਸੀ। 15 ਸਤੰਬਰ 1871 ਦਾ ਦਿਨ ਫ਼ਾਂਸੀ ਲਈ ਨੀਯਤ ਕੀਤਾ ਗਿਆ। ਸ਼ਹਿਰ ਦੇ ਲੋਕ ਇਸ ਸਾਰੇ ਸਾਕੇ ਨੂੰ ਦੇਖ ਸੁਣ ਕੇ ਹੈਰਾਨ ਸਨ। ਗਊ-ਗਰੀਬ ਦੀ ਰੱਖਿਆ ਲਈ ਨਾਮਧਾਰੀ ਸਿੰਘ ਫ਼ਾਸੀਂ ਚੜ੍ਹਨ ਲੱਗੇ ਸਨ। ਫ਼ਾਸੀਂ ਵਾਲੇ ਦਿਨ, 15 ਸਤੰਬਰ 1871



Namdhari Elibrary NamdhariElibrary@gmail.com

ਨੂੰ ਨਾਮਧਾਰੀ ਸਿੰਘਾਂ ਨੇ ਸ੍ਰੀ ਦਰਬਾਰ ਸਾਹਿਬ ਸਰੋਵਰ ਵਿਚ ਇਸ਼ਨਾਨ ਦੀ ਇੱਛਾ ਜਤਾਈ ਅਤੇ ਇਹ ਵੀ ਕਿਹਾ ਕਿ ਗਊ ਦੀ ਤੰਦੀ ਦੇ ਬਣੇ ਰੱਸੇ ਉਹ ਆਪਣੇ ਸਰੀਰ ਨਾਲ ਨਹੀਂ ਲੱਗਣ ਦੇਣਗੇ ਅਤੇ ਜੱਲਾਦ ਉਹਨਾਂ ਨੂੰ ਹੱਥ ਨਾ ਲਗਾਵੇ, ਫਾਸੀਆਂ ਦੇ ਰੱਸੇ ਉਹ ਆਪ ਹੀ ਆਪਣੇ ਗਲਾਂ ਵਿਚ ਵਾਰੋ ਵਾਰੀ ਪਾਉਣਗੇ।

ਅਧਿਕਾਰੀਆਂ ਨੇ ਨਾਮਧਾਰੀ ਸਿੰਘਾਂ ਦੀਆਂ ਇਹ ਬੇਨਤੀਆਂ ਪ੍ਰਵਾਨ ਕਰ ਲਈਆਂ। ਵਿਸ਼ੇਸ਼ ਰੂਪ ਵਿਚ ਰੇਸ਼ਮ ਦੀ ਡੋਰੀ ਦੇ ਰੱਸੇ ਬਣਵਾਏ ਗਏ। 15 ਸਤੰਬਰ ਨੂੰ ਸਿੰਘਾਂ ਨੇ ਸਵੇਰੇ ਪਵਿਤਰ ਅੰਮ੍ਰਿਤ ਸਰੋਵਰ ਵਿਚ ਇਸ਼ਨਾਨ ਕੀਤਾ ਅਤੇ ਸ਼ਬਦ ਪੜ੍ਹਦੇ ਰਾਮ ਬਾਗ ਆਏ, ਜਿੱਥੇ ਫ਼ਾਸੀਂ ਦਿੱਤੀ ਜਾਣੀ ਸੀ। ਇਕ ਵੱਡੇ ਬੋਹੜ ਦੇ ਤਣੇ ਨਾਲ ਫਾਸੀਆਂ ਦੇ ਰੱਸੇ ਬੰਨ੍ਹ ਕੇ ਲਟਕਾਏ ਗਏ। ਸਫੈਦ ਬਸਤਰ ਪਹਿਨੀ ਨਾਮਧਾਰੀ ਸਿੰਘਾਂ ਦੇ ਚੇਹਰਿਆਂ ਤੇ ਲਾਲੀਆਂ ਰਹੀਆਂ ਸਨ।[17] ਵੱਡੀ ਗਿਣਤੀ ਵਿਚ ਸ਼ਹਿਰ ਦੇ ਲੋਕ ਇਸ ਦ੍ਰਿਸ਼ ਨੂੰ ਦੇਖਣ ਲਈ ਰਾਮ ਬਾਗ ਇਕੱਠੇ ਹੋਏ ਸਨ। ਸਿੰਘ ਇਹ ਸ਼ਬਦ ਪੜਦੇ ਹੋਏ ਫ਼ਾਸੀਂ ਵਾਲੀ ਥਾਂ ਪੁੱਜੇ–

"ਤੇਰੀ ਸਰਨ ਮੇਰੇ ਦੀਨ ਦਿਆਲਾ, ਸੁਖ ਸਾਗਰ ਮੇਰੇ ਗੁਰ ਗੋਪਾਲਾ।
ਕਰ ਕਿਰਪਾ ਨਾਨਕ ਗੁਣ ਗਾਵੈ, ਰਾਖੋ ਸਰਣ ਅਸਾੜੀ ਜੀਓ।"

ਵੱਡੇ ਬੋਹੜ ਦੇ ਟਾਹਣੇ ਨਾਲ ਸ਼ਰੇਆਮ ਫ਼ਾਸੀਂ ਦਿੱਤੀ ਜਾਣੀ ਸੀ। ਗਊ ਘਾਤ ਕਰਵਾਉਣ ਵਾਲੇ ਫਰੰਗੀਆਂ ਦਾ ਨਾਸ਼ ਹੋਵੇ, ਧਰਮ ਦੀ ਜੈ ਹੋਵੇ ਕਹਿੰਦੇ ਹੋਏ ਸਿੰਘਾਂ ਨੇ ਵਾਰੋ ਵਾਰੀ ਫਾਂਸੀਆਂ ਦੇ ਰੱਸੇ ਆਪ ਆਪਣੇ ਗਲਾਂ ਵਿਚ ਪਾਏ, ਹੇਠੋਂ ਪਟੜੇ ਖਿੱਚੇ ਅਤੇ ਹੱਸਦਿਆਂ ਹੱਸਦਿਆਂ ਗੁਰ ਪੁਰੀ ਨੂੰ ਸਿਧਾਰੇ। ਸ਼ਹਿਰ ਦੇ ਲੋਕ ਹੈਰਾਨ ਹੋ ਗਊ–ਬੱਧ ਵਿਰੁੱਧ ਜਾਨਾਂ ਵਾਰਨ ਵਾਲੇ ਨਾਮਧਾਰੀ ਸਿੰਘਾਂ ਦੀ ਜੈ ਜੈ ਕਾਰ ਕਰ ਰਹੇ ਸਨ ਅਤੇ ਅੰਗਰੇਜ਼ਾਂ ਨੂੰ ਬੁਰਾ–ਭਲਾ ਕਹਿ ਰਹੇ ਸਨ ਜਿਨ੍ਹਾਂ ਦੀਆਂ ਮਾਰੂ ਨੀਤੀਆਂ ਸਦਕਾ ਪੰਜਾਬ



Namdhari Elibrary NamdhariElibrary@gmail.com

ਵਿਚ ਗਊ ਬੱਧ ਵਧਿਆ ਸੀ।

ਸ਼ਹੀਦ ਹੋਣ ਵਾਲੇ ਚਾਰਾਂ ਨਾਮਧਾਰੀ ਸਿੰਘਾਂ 'ਚੋਂ ਇਕ ਹਾਕਮ ਸਿੰਘ ਆਪਣੀ ਮਾਤਾ ਦਾ ਇਕਲੌਤਾ ਪੁੱਤਰ ਸੀ। ਮਾਤਾ ਬੜੇ ਹੌਸਲੇ ਨਾਲ ਫ਼ਾਂਸੀ ਵਾਲੀ ਥਾਂ ਆਈ। ਉਸਨੇ ਆਪਣੇ ਪੁੱਤਰ ਅਤੇ ਤਿੰਨਾਂ ਦੂਸਰੇ ਸਿੰਘਾਂ ਦੇ ਸਰੀਰਾਂ ਦਾ ਇਸ਼ਨਾਨ ਕਰਵਾਇਆ ਅਤੇ ਸਸਕਾਰ ਕੀਤਾ। ਝੰਡਾ ਸਿੰਘ ਠੱਟਾ, ਜੋ ਮੁਕਦਮੇ ਸਮੇਂ ਭਗੌੜਾ ਕਰਾਰ ਦਿੱਤਾ ਹੋਇਆ ਸੀ, ਅਗਲੇਰੇ ਸਾਲ ਜਦੋਂ ਉਹ ਕਾਬਲ ਵਲੋਂ ਪਰਤਿਆ ਤਾਂ ਉਸ ਨੂੰ ਪਕੜ ਕੇ ਅਗਸਤ 1873 ਨੂੰ ਫਾਂਸੀ ਦੇ ਦਿੱਤੀ।[18] - ਬੱਚੜ ਬੱਧ ਸਾਕੇ ਵਿਚ ਕਾਰਵਾਈ ਦੀ ਯੋਜਨਾ ਬਣਾਉਣ ਅਤੇ ਤਲਵਾਰਾਂ ਮੁਹੱਈਆ ਕਰਵਾਉਣ ਵਾਲਾ ਸਿਪਾਹੀ ਲਾਲ ਸਿੰਘ, ਭਗੌੜਾ ਕਰਾਰ ਦਿੱਤਾ ਗਿਆ। ਲਛਮਨ ਸਿੰਘ ਅਤੇ ਜਵਾਹਰ ਸਿੰਘ ਤਿੰਨੋਂ ਭਰਾ ਸਨ। ਲਾਲ ਸਿੰਘ ਅਤੇ ਲਹਿਣਾ ਸਿੰਘ ਪੁੱਤਰ ਬੁਲਾਕਾ ਸਿੰਘ ਨੂੰ ਕਾਲੇ ਪਾਣੀ ਭੇਜ ਦਿੱਤਾ ਗਿਆ ਜਿਥੋਂ ਉਹ ਫੇਰ ਵਾਪਸ ਨਹੀਂ ਪਰਤੇ ਅਤੇ ਉਥੇ ਸ਼ਹੀਦ ਹੋ ਗਏ।

**ਘਟਨਾ ਦਾ ਅਸਰ**

ਨਾਮਧਾਰੀ ਸਿੰਘਾਂ ਦੀਆਂ ਗਊ ਘਾਤਕਾਂ ਵਿਰੁੱਧ ਕੀਤੀਆਂ ਗਈਆਂ ਕਾਰਵਾਈਆਂ ਨੇ ਇਹ ਦਰਸਾ ਦਿੱਤਾ ਕਿ ਪੰਜਾਬ ਦੀ ਅਣਖ ਅਜੇ ਜਿਊਂਦੀ ਹੈ, ਮਰੀ ਨਹੀਂ ਅਤੇ ਉਹ ਅੰਗਰੇਜ਼ਾਂ ਦੇ ਗਊ ਕਸ਼ੀ ਦੇ ਹੁਕਮਾਂ ਵਿਰੁਧ ਆਪਣਾ ਵਿਰੋਧ ਕਰਦੇ ਰਹਿਣਗੇ। ਪੁਲਿਸ ਮਹਿਕਮਾ ਉਤੋਂ-ਉਤੋਂ ਤਾਂ ਆਪਣੀ ਪਿੱਠ ਠੋਕਦਾ ਰਿਹਾ ਪਰ ਅੰਦਰੋਂ ਅੰਦਰੀ ਉਸਦੀ ਨਾਕਾਮੀ ਤੇ ਦਫਤਰੀ ਕਾਰਵਾਈਆਂ 1874 ਈ. ਤੱਕ ਚਲਦੀਆਂ ਰਹੀਆਂ। ਖ਼ੁਦ ਲੈ: ਗਵਰਨਰ ਨੇ ਪੁਲਿਸ ਅਫਸਰ ਕ੍ਰਿਸਟੀ ਦੀ ਕਾਰਜਸ਼ੈਲੀ 'ਤੇ ਕਿੰਤੂ ਕੀਤਾ ਸੀ।

ਨਾਮਧਾਰੀ ਸਿੰਘਾਂ ਨੇ 15 ਸਤੰਬਰ 1871 ਨੂੰ ਸ਼ਹੀਦੀਆਂ ਆਪਣੇ



Namdhari Elibrary NamdhariElibrary@gmail.com

ਹਿਤਾਂ ਲਈ ਨਹੀਂ ਪਾਈਆਂ, ਨਾਮਧਾਰੀ ਪੰਥ ਲਈ ਨਹੀਂ ਪਾਈਆਂ, ਸਗੋਂ ਅੰਮ੍ਰਿਤਸਰ ਸ਼ਹਿਰ ਦੀ ਅਤੇ ਸ੍ਰੀ ਦਰਬਾਰ ਸਾਹਿਬ ਦੀ ਪਵਿਤਰਤਾ ਕਾਇਮ ਰੱਖਣ ਲਈ ਸ਼ਹਾਦਤਾਂ ਦਿੱਤੀਆਂ ਸਨ। ਅੰਮ੍ਰਿਤਸਰ ਸ਼ਹਿਰ ਨੂੰ ਇਸ 'ਤੇ ਗੌਰਵ ਹੋਣਾ ਚਾਹੀਦਾ ਹੈ ਕਿ ਇਸੇ ਤਰ੍ਹਾਂ ਦਰਬਾਰ ਸਾਹਿਬ ਦੀ ਪਵਿਤਰਤਾ ਲਈ ਜਦੋਂ ਇਕ ਸਿੱਖ ਦੇਵਾ ਸਿੰਘ ਨੇ ਪੁਜਾਰੀਆਂ ਦਾ ਅਪਵਿਤਰ ਹੁੰਦੇ ਸਰੋਵਰ ਵੱਲ ਧਿਆਨ ਦਿਵਾਉਣ ਦਾ ਯਤਨ ਕੀਤਾ ਸੀ ਤਾਂ ਮੰਗਲ ਸਿੰਘ ਰਾਮਗੜ੍ਹੀਏ ਨੇ ਉਸ ਨੂੰ ਪਕੜਵਾ ਕੇ ਤਿੰਨ ਸਾਲ ਦੀ ਕੈਦ ਕਰਵਾ ਦਿੱਤੀ ਸੀ। ਕਿਸੇ ਪਾਸਿਓਂ ਕੋਈ ਚਾਰਾ ਹੁੰਦਾ ਨਾ ਦੇਖ ਕੇ ਨਾਮਧਾਰੀ ਸਿੰਘ ਸ੍ਰੀ ਦਰਬਾਰ ਸਾਹਿਬ ਦੀ ਪਵਿਤਰਤਾ ਲਈ ਅੱਗੇ ਆਏ ਅਤੇ ਸ਼ਹੀਦੀਆਂ ਪਾਈਆਂ। ਇਹਨਾਂ ਤੱਥਾਂ ਦਾ ਉਸ ਸਮੇਂ ਦੇ ਸਰਕਾਰੀ ਦਸਤਾਵੇਜ਼ ਅਤੇ ਅਖਬਾਰਾਂ ਪੁਸ਼ਟੀ ਕਰਦੀਆਂ ਹਨ। ਇਸ ਤਰ੍ਹਾਂ 15 ਸਤੰਬਰ 1871 ਨੂੰ ਫਾਸੀਆਂ ਗਲੇ ਵਿਚ ਪਾ ਕੇ ਸ਼ਹੀਦ ਹੋਣ ਵਾਲੇ ਚਾਰੋਂ ਸਿੰਘਾਂ ਅਤੇ ਝੰਡਾ ਸਿੰਘ ਅੰਮ੍ਰਿਤਸਰ ਸ਼ਹਿਰ ਦੇ ਸ਼ਹੀਦ ਬਣਦੇ ਹਨ। ਇਹਨਾਂ ਸ਼ਹੀਦਾਂ ਪ੍ਰਤੀ ਸੱਚੀ ਸ਼ਰਧਾਂਜਲੀ ਇਹ ਹੋਵੇਗੀ ਕਿ 15 ਸਤੰਬਰ ਦਾ ਸ਼ਹੀਦੀ ਦਿਨ ਕੇਵਲ ਨਾਮਧਾਰੀ ਪੰਥ ਹੀ ਨਾ ਮਨਾਵੇ, ਸ਼ਰੋਮਣੀ ਕਮੇਟੀ ਅਤੇ ਦਰਬਾਰ ਸਾਹਿਬ ਵੱਲੋਂ ਮਨਾਇਆ ਜਾਵੇ। ਇਹ ਦਿਨ ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਨੂੰ ਵੱਡੇ ਪੱਧਰ ਤੇ ਹਰ ਸਾਲ ਮਨਾਉਣਾ ਚਾਹੀਦਾ ਹੈ ਅਤੇ ਸ਼ਹੀਦਾਂ ਦੀਆਂ ਫੋਟੋਆਂ ਸਿੱਖ ਅਜਾਇਬ ਘਰ ਵਿਚ ਲਗਾਉਣੀਆਂ ਚਾਹੀਦੀਆਂ ਹਨ।

**ਸ਼ਹੀਦੀ ਯਾਦਗਾਰ**

ਕਾਫੀ ਸਮਾਂ ਨਾਮਧਾਰੀ ਸਿੰਘਾਂ ਨੂੰ ਫਾਂਸੀ ਦੇਣ ਵਾਲੀ ਥਾਂ ਰਾਮ ਬਾਗ ਬੋਹੜ ਅਣਗੌਲਿਆ ਹੀ ਪਿਆ ਰਿਹਾ। ਸ਼ਹੀਦਾਂ ਪ੍ਰਤੀ ਸ਼ਰਧਾ ਸੁਮਨ ਅਰਪਣ ਕਰਨ ਅਤੇ ਯਾਦਗਾਰਾਂ ਬਨਾਉਣ ਦਾ ਪੁਨੀਤ ਕੰਮ ਸ. ਪਰਕਾਸ਼ ਸਿੰਘ ਬਾਦਲ, ਮੁੱਖ ਮੰਤਰੀ, ਪੰਜਾਬ ਨੇ ਸ਼ੁਰੂ ਕੀਤਾ ਅਤੇ ਅੰਮ੍ਰਿਤਸਰ

ਸ਼ਹੀਦੀ ਅਸਥਾਨ ਨੂੰ ਸ਼ਹੀਦ ਯਾਦਗਾਰ ਵਜੋਂ ਸਬੰਧਤ ਸੰਸਥਾ ਨੂੰ ਦੇ ਦਿੱਤਾ। ਅੰਮ੍ਰਿਤਸਰ ਸ਼ਹੀਦੀ ਦਿਹਾੜੇ 15 ਸਤੰਬਰ ਵਾਲੇ ਦਿਨ ਨੂੰ ਚਾਰੋ ਸ਼ਹੀਦ ਸਿੰਘਾਂ ਲਹਿਣਾ ਸਿੰਘ, ਹਾਕਮ ਸਿੰਘ, ਫਤਿਹ ਸਿੰਘ ਅਤੇ ਬੀਹਲਾ ਸਿੰਘ ਪ੍ਰਤੀ ਸ਼ਰਧਾਂਜਲੀ ਪੇਸ਼ ਕਰਦਿਆਂ ਸਿਰ ਝੁਕ ਜਾਂਦੇ ਹਨ। ਧਰਮੀ ਸ਼ਹੀਦਾਂ ਨੂੰ ਨਮਨ।

ਕਵੀ ਚੰਦਾ ਸਿੰਘ ਦੀਆਂ ਇਹ ਪੰਕਤੀਆਂ ਯਾਦ ਆਉਂਦੀਆਂ ਹਨ
ਇਹ ਮਲੇਛ ਨੰਦਨੋਂ ਆਏ, ਇਹਨਾਂ ਬੁੱਚੜਖਾਨੇ ਲਾਏ
ਸਾਨੂੰ ਦੁਖ ਗਊਆਂ ਦਾ ਖਾਏ, ਸਿੰਘ ਸੀਸ ਦੇਣ ਨੂੰ ਆਏ।
ਨਾਏਂ ਕਰਤਾਰ ਦੇ।

## ਹਵਾਲੇ ਅਤੇ ਟਿੱਪਣੀਆਂ

1. ਪੰਜਾਬ ਦੇ ਮੋਢੀ ਸੁਤੰਤਰਤਾ ਸੰਗਰਾਮੀਏ-ਪੰਨਾ 188, ਐਮ.ਐਲ. ਆਹਲੂਵਾਲੀਆ ਤੇ ਡਾ. ਕਿਰਪਾਲ ਸਿੰਘ।

2. ਸਰਕਾਰੀ ਤੌਰ ਤੇ ਮਹਾਰਾਜਾ ਰਣਜੀਤ ਸਿੰਘ ਦੀ ਹਕੂਮਤ ਨੂੰ ਹਮੇਸ਼ਾ ਸਰਕਾਰ ਖਾਲਸਾ ਜੀ ਸੱਦਿਆ ਜਾਂਦਾ ਸੀ।

3. "Kine are not to be killed at Amritsar, nor are the Sikhs to be molerted nor in any way to be interfered with. Shoes are to be taken off at the Bunga at the corner of the tank and no person is to walk round the tank with his shoes on." H.M. Lawrence, Resident. 24 March 1847. ਹੋਮ ਜੂਡੀਸ਼ੀਅਲ 1, ਜੁਲਾਈ 1871, ਨੰ. 45-61.

4. -ਉਹੀ-।

5. ਪ੍ਰੋਸੀਡਿੰਗ ਨੰ. 13, ਫਾਰਨ ਡਿਪਾਰਮੈਂਟ ਪੋਲੀਟੀਕਲ 1 ਦਸੰਬਰ 1864।



Namdhari Elibrary NamdhariElibrary@gmail.com

6. ਰਾਜਪੂਤਾਨੇ ਦੇ ਏਜੰਟ ਨੂੰ ਹਿੰਦ ਸਰਕਾਰ ਦੇ ਸਕੱਤਰ ਦਾ ਪੱਤਰ ਨੰ. 2056, ਮਿਤੀ 9 ਜੁਲਾਈ 1858 ।

7. ਹਿੰਦ ਸਰਕਾਰ ਦੇ ਸਕੱਤਰ ਦਾ ਰਾਜਪੂਤਾਨੇ ਦੇ ਏਜੰਟ ਨੂੰ ਪੱਤਰ ਨੰ. 426 ਮਿਤੀ 29 ਅਗਸਤ 1864 ।

8. ਫੋਰਟ ਵਿਲੀਅਮ ਪੱਤਰ ਨੰ. 582, ਮਿਤੀ 25 ਨਵੰਬਰ 1864.

9. ਜੁਗ ਪਲਟਾਉ ਸਤਿਗੁਰੂ-ਪੰਨਾ 31, ਨਿਸ਼ਾਨ ਸਿੰਘ ਆਲਮ।

10. ਹੋਮ ਡਿਪਾਰਮੈਂਟ, ਜੂਡੀਸ਼ੀਅਲ 1, 29 ਜੁਲਾਈ 1871 ਨੰ. 45-61 ।

11. -ਉਹੀ-

12. -ਉਹੀ-

13. ਹੋਮ ਡਿਪਾਰਟਮੈਂਟ ਜੂਡੀਸ਼ੀਅਲ ਪ੍ਰੋਸੀਡਿੰਗ, ਅਗਸਤ 1874, ਨੰ. 101-112

14. ਨਾਮਧਾਰੀ ਇਤਿਹਾਸ (ਹਿੰਦੀ)-ਪੰਨਾ 127, ਸ. ਨਾਹਰ ਸਿੰਘ।

15. ਸਤਿਗੁਰੂ ਬਿਲਾਸ-ਭਾਗ-1, ਪੰਨਾ 428, ਸੰਤ ਸੰਤੋਖ ਸਿੰਘ।

16. ਹੋਮ ਡਿਪਾਰਟਮੈਂਟ, ਜੂਡੀਸ਼ੀਅਲ ਪ੍ਰੋਸੀਡਿੰਗ, ਨੰ. 67-68 ਮਿਤੀ 4 ਨਵੰਬਰ 1871 ।

17. ਸਤਿਗੁਰੂ ਬਿਲਾਸ ਭਾਗ-1 ਪੰਨਾ 430 ।

18. ਹੋਮ ਡਿਪਾਰਟਮੈਂਟ ਜੂਡੀਸ਼ੀਅਲ ਪ੍ਰੋਸੀਡਿੰਗ, ਅਗਸਤ 1874, ਨੰ. 101-102 ।



Namdhari Elibrary NamdhariElibrary@gmail.com



## ਦੇਸ਼ ਦੀ ਆਜ਼ਾਦੀ ਲਈ ਨਾਮਧਾਰੀ ਸਿੱਖ ਜੇਲ੍ਹਾਂ ਵਿੱਚ

ਨਾਮਧਾਰੀ ਸਿੱਖਾਂ ਨੇ ਦੇਸ਼ ਦੀ ਆਜ਼ਾਦੀ ਲਈ ਅਦੁੱਤੀ ਕੁਰਬਾਨੀਆਂ ਦਿੱਤੀਆਂ ਹਨ । ਜਨਵਰੀ 1872 ਈ: ਵਿੱਚ ਸਮੂਹ ਨਾਮਧਾਰੀ ਸੂਬਿਆਂ (ਪ੍ਰਚਾਰਕਾਂ) ਨੂੰ ਅੰਗਰੇਜ਼ ਨੇ ਦੇਸ਼ ਵਿਦੇਸ਼ ਦੀਆਂ ਜੇਲ੍ਹਾਂ ਵਿੱਚ ਕੈਦ ਕਰ ਦਿਤਾ । ਇਹ ਸੂਬੇ ਅਦਨ, ਅਸੀਰਗੜ੍ਹ, ਅਲਾਹਾਬਾਦ, ਹਜਾਰੀ ਬਾਗ, ਮੋਲਮੀਨ (ਬਰਮਾ-ਮਾਈਨਾਮਾਰ) ਆਦਿ ਦੀਆਂ ਜੇਲ੍ਹਾਂ ਵਿੱਚ ਕੈਦ ਕਰ ਦਿਤੇ ਗਏ । ਨਾਮਧਾਰੀ ਸਿੱਖਾਂ ਨੂੰ ਕਾਲੇ ਪਾਣੀ (ਅੰਡੇਮਾਨ-ਨਿਕੋਬਾਰ) ਵਿੱਚ ਉਮਰ ਕੈਦ ਕਰਕੇ ਭੇਜ ਦਿਤਾ ਗਿਆ । ਨਾਮਧਾਰੀ ਸਿੱਖਾਂ ਦਾ ਕਸੂਰ ਇਹ ਸੀ ਕਿ ਉਹਨਾਂ ਨੇ ਭਾਰਤ ਵਿੱਚੋਂ ਅੰਗਰੇਜ਼ੀ ਰਾਜ ਖਤਮ ਕਰਨ ਅਤੇ ਸਵਰਾਜ ਸਥਾਪਿਤ ਕਰਨ ਲਈ ਜੰਗੇ-ਆਜ਼ਾਦੀ ਦਾ ਐਲਾਨ ਕੀਤਾ ਸੀ । ਸੈਂਕੜੇ ਨਾਮਧਾਰੀ ਸਿੱਖ ਅੰਗਰੇਜ਼ ਸਰਕਾਰ ਦੇ ਅਕਿਹ ਅਤੇ ਅਸਿਹ ਕਸ਼ਟ ਸਹਾਰਦੇ ਹੋਏ ਜੇਲ੍ਹਾਂ ਵਿੱਚ ਸ਼ਹੀਦ ਹੋ ਗਏ ।



## ਨਾਮਧਾਰੀ ਸਿੱਖਾਂ ਉੱਤੇ ਸਖਤੀਆਂ ਦਾ ਦੌਰ

ਭਾਰਤ ਦੀ ਆਜ਼ਾਦੀ ਲਈ ਨਾਮਧਾਰੀ ਸਿੱਖਾਂ ਨੇ ਅਸਹਿ ਕਸ਼ਟ ਝੱਲੇ । ਅੰਗਰੇਜ਼ਾਂ ਵਲੋਂ ਸੈਂਕੜੇ ਨਾਮਧਾਰੀ ਸਿੱਖਾਂ ਨੂੰ ਪੱਥਰਾਂ ਨਾਲ ਬੰਨ੍ਹ ਕੇ ਸਮੁੰਦਰ ਵਿਚ ਡੋਬ ਕੇ ਮਾਰ ਦਿਤਾ ਗਿਆ । ਪਰ ਕਿਸੇ ਵੀ ਨਾਮਧਾਰੀ ਸਿੱਖ ਨੇ ਅੰਗਰੇਜ਼ ਦੀ ਈਨ ਪ੍ਰਵਾਨ ਨਾ ਕੀਤੀ । ਲਗਾਤਾਰ 90 ਸਾਲ (1857-1947) ਤੱਕ ਦੇਸ਼ ਦੀ ਆਜ਼ਾਦੀ ਲਈ ਲੜਦੇ ਰਹੇ ਅਤੇ ਸ਼ਹਾਦਤਾਂ ਦਿੰਦੇ ਰਹੇ । ਵਿਸ਼ਵ ਇਤਿਹਾਸ ਵਿੱਚ ਕੁਰਬਾਨੀਆਂ ਦੀ ਐਸੀ ਮਿਸਾਲ ਹੋਰ ਨਹੀਂ ਮਿਲਦੀ ।

# ਦੇਸ਼ ਦੀ ਆਜ਼ਾਦੀ ਦਾ ਪਹਿਲਾ ਸੰਗਰਾਮ 'ਕੂਕਾ ਅੰਦੋਲਨ' 12 ਅਪ੍ਰੈਲ 1857 ਈ:

## ਨਾ-ਮਿਲਵਰਤਨ ਤੇ ਸਵਦੇਸ਼ੀ ਲਹਿਰ ਦੇ ਮੋਢੀ

## ਸ੍ਰੀ ਸਤਿਗੁਰੂ ਰਾਮ ਸਿੰਘ ਜੀ





ਅੰਗਰੇਜ਼ੀ ਅਦਾਲਤਾਂ ਦਾ ਬਾਈਕਾਟ
ਪੰਚਾਇਤਾਂ ਦੀ ਸਥਾਪਨਾ



ਵਿਦੇਸ਼ੀ ਸਮਾਨ ਦਾ ਬਾਈਕਾਟ
ਸਵਦੇਸ਼ੀ ਦਾ ਪ੍ਰਚਾਰ



ਅੰਗਰੇਜ਼ੀ ਡਾਕ-ਤਾਰ ਦਾ ਬਾਈਕਾਟ
ਆਪਣਾ ਡਾਕ ਪ੍ਰਬੰਧ



ਅੰਗਰੇਜ਼ੀ ਸਕੂਲਾਂ ਦਾ ਬਾਈਕਾਟ
ਧਰਮਸ਼ਾਲਾਵਾਂ ਵਿੱਚ ਬੱਚਿਆਂ ਨੂੰ ਸਿੱਖਿਆ



ਅੰਗਰੇਜ਼ੀ ਰੇਲ ਦਾ ਬਾਈਕਾਟ
ਆਪਣੇ ਆਵਾਜਾਈ ਦੇ ਸਾਧਨ

Namdhari Elibrary NamdhariElibrary@gmail.com